ਮਾਸਕ ਪਤਰ

੧ੴ

# ਸੂਰਾ

ਅੰਮ੍ਰਿਤਸਰ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

[ਨਟ ਅਸਟ: ਮ: ੪, ਪੰਨਾ ੯੮੨]

OCT 1981

੧ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਸਬਦੁ ਗੁਰ ਪੀਰਾ | ਅਰੰਭਕ ਬਚਨ 'ਸਬਦੁ ਗੁਰ ਪੀਰਾ' ਵਿਚੋਂ | ੩ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚਾ ਰੱਬ ਹਨ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਚਰਨ ਕੰਵਲਾਂ ਦਾ ਪਰਤਾਪ | ,, ,, ,, | ੮ |
| ਸੋਹਣੇ ਦਸਮੇਸ਼ ! ਪੜ੍ਹ ਪੜ੍ਹ ਇਤਿਹਾਸ ਤੇਹਾ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੪ |
| ਸੁੰਦਰਤਾ ਦੇ ਵਿਖਾਵੇ, ਵਿਦਿਅਕ ਅਦਾਰੇ ਤੇ ਗੁਰਮਤਿ | ਸ: ਬਲਵਿੰਦਰ ਪਾਲ ਸਿੰਘ ਜੀ | ੧੫ |
| ਫੂਲ ਹਰਿਸਰਿ ਪਾਵਏ | ਗਿ: ਜਗਤਾਰ ਸਿੰਘ ਜੀ ਜਾਚਕ | ੧੭ |
| ਗੁਰਮੁਖਿ ਵੈਰ ਵਿਰੋਧ ਮਿਟਾਵੈ | ਸ: ਮਦਨ ਸਿੰਘ ਜੀ ਯੂ. ਕੇ | ੧੯ |
| ਝੂਠਿ ਵਿਗੁਤੀ ਤਾ ਪਿਰੁ ਮੁਤੀ | ਸ: ਪ੍ਰੀਤਮ ਸਿੰਘ ਜੀ ਅਨਜਾਣ | ੨੧ |
| ਸਲੋਕ ਸਹਸਕ੍ਰਿਤੀ (੮) ਅਰਥ ਵਿਚਾਰ | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੨੪ |
| ਤੇਰਾ ਮੈਖ਼ਾਨਾ (ਕਵਿਤਾ) | ਰਣਜੀਤ ਸਿੰਘ ਜੀ ਰਾਏ | ੨੮ |
| ਪੁਤ੍ਰੀਂ ਕਉਲੁ ਨ ਪਾਲਿਓ | ਬੀਬੀ ਦਲਜੀਤ ਕੌਰ ਜੀ | ੨੯ |
| ਸੱਚਾ ਸਤਿਗੁਰੂ–ਸੱਚੀ ਗੁਰਬਾਣੀ | ਸ: ਕੁਬੇਰ ਸਿੰਘ ਜੀ | ੩੧ |
| ਭਾਈ ਸਾਹਿਬ ਜਰਨੈਲ ਸਿੰਘ ਜੀ ਤੇ ਸਰਕਾਰ | ਜਥੇਦਾਰ ਅਖੰਡ ਕੀਰਤਨੀ ਜਥਾ | ੩੬ |
| ਗੁਰਸਿਖ-ਗਾਡੀ ਰਾਹ | – – – | ੩੭ |
| ਚਾਲੀ ਮੁਕਤੇ (ਕਵਿਤਾ) | ਮਾ: ਮਾਘ ਸਿੰਘ ਜੀ ਪਿਆਰ | ੩੯ |


ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੩੫) ਲੇਖ ਲੇਟ ਪੁਜਣ ਕਰਕੇ ਐਤਕੀ ਨਹੀਂ ਛਪ ਸਕਿਆ

| | | | |
|---|---|---|---|
| ਸ੍ਰੀ ਗੁਰੂ ਰਾਮ ਦਾਸ ਜੀ ਅਵਤਾਰ ਧਾਰਿਆ | ੧੫ ਅਕਤੂ: | ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਿਆਈ | ੨੧ ਅਕਤੂ |
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ | ੨੧ ਅਕਤੂ: | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਦੀ ਨੰਦੇੜ | ੨੯ ਅਕਤੂ: |

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਵਜ਼ੀਰ ਸਿੰਘ ਜੀ ਮੁਰਾਦਾਬਾਦ (੨੯-੫-੮੧ ਨੂੰ) | ਸਪੁੱਤਰ ਦੇ ਅਨੰਦ ਦੀ ਖੁਸ਼ੀ ਵਿਚ | 31-00 |
| ਸ: ਬਸੰਤ ਸਿੰਘ ਸ੍ਰੀ ਅੰਮ੍ਰਿਤਸਰ | ਕੀਰਤਨ ਸਮਾਗਮ ਸਮੇਂ | 51-00 |
| ਗਿ: ਕਰਤਾਰ ਸਿੰਘ ਗ੍ਰੰਥੀ ਐਲਨਾਬਾਦ | ... ... ... | 5-00 |
| ਭਾ: ਰੰਜੀਤ ਸਿੰਘ ਖਾਲਸਾ ਚੰਡੇਰ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 22-00 |
| ਸ: ਐਸ. ਕੇ. ਬਜਾਜ ਫਿਰੋਜ਼ਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | 11-00 |
| ਸ: ਸੁਰਿੰਦਰ ਸਿੰਘ ਗ੍ਰੇਵਜ਼ੇਂਡ ਕੈਂਟ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | 83-60 |

## ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ-ਸਬਾਈ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ, ਸ਼ਹੀਦਾਂ ਦੇ ਸਸਕਾਰ-ਅਸਥਾਨ ਦੇ ਸਾਹਮਣੇ ਗੁਰਦਵਾਰਾ ਰਾਮਸਰ ਵਿਖੇ ੨੪ ਅਕਤੂਬਰ ਸ਼ਨੀਚਰਵਾਰ ਨੂੰ ਰੈਣ-ਸਬਾਈ ਕੀਰਤਨ ਹੋਣਗੇ । ਆਇ ਜੁੜੋ ਜੀ ਤੇ ਲਾਹੇ ਪ੍ਰਾਪਤ ਕਰੋ ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੧੦. ੮੧ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਅਕਾਲ ਸ੍ਰੀ ਅੰਮ੍ਰਿਤਸਰ ਤਖ਼ਤ

**ਸਾਲਾਨਾ ਚੰਦਾ**

ਦੇਸ ੧੦-੦੦
ਇਕ ਪਰਚਾ ੧-੦੦

ਪਰਦੇਸ
ਸਮੁੰਦਰੀ ਡਾਕ ੨੫-੦੦

ਹਵਾਈ ਡਾਕ
ਅਰਬ, ਮਲਾਇਆ ੪੦-੦੦
ਯੂ. ਕੇ., ਅਫ਼ਰੀਕਾ ੫੫-੦੦
ਕੈਨੇਡਾ, ਅਮਰੀਕਾ ੬੫-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ ਅਕਤੂਬਰ ੧੯੮੧ ਅੰਕ ੧੦


## ਸਬਦੁ ਗੁਰ ਪੀਰਾ

ਅਧਿਆਤਮਕ ਖੇਤਰ ਵਿਚ ਗਿਆਨ-ਪ੍ਰਕਾਸ਼ ਕਰਨ ਵਾਲੀ ਹਸਤੀ "ਗੁਰੂ" ਹੈ। ਮਾਦੀ ਨਜ਼ਰ ਨਾਲ ਵੇਖਿਆਂ ਗੁਰੂ ਵਿਅਕਤੀ ਦਿਸਦਾ ਹੈ, ਪਰ ਗਿਆਨ-ਨੇਤਰਾਂ ਨਾਲ ਇਹ ਭੇਤ ਖੁਲ੍ਹਦਾ ਹੈ ਕਿ ਗੁਰੂ 'ਵਿਅਕਤੀ' ਨਹੀਂ, 'ਸ਼ਕਤੀ' ਹੈ। ਜਾਂ ਇਉਂ ਕਹੋ, ਗੁਰੂ 'ਦੇਹ' ਨਹੀਂ, 'ਜੋਤਿ' ਹੈ। ਸਾਰੇ ਸਤਿਗੁਰਾਂ ਨੇ ਬਾਣੀ ਉਚਾਰਨ ਕਰਦਿਆਂ ਹੋਇਆਂ ਆਪਣੇ ਨਿਜੀ ਨਾਮ ਦੀ ਬਜਾਏ 'ਨਾਨਕ' ਨਾਮ ਦੀ ਵਰਤੋਂ ਕੀਤੀ, ਤੇ ਏਸ ਤਰ੍ਹਾਂ ਕਰ ਕੇ ਇਹ ਸੱਚਾਈ ਦ੍ਰਿੜ੍ਹ ਕਰਵਾਈ ਕਿ ਗੁਰੂ 'ਸਰੀਰ' ਨਹੀਂ, 'ਜੋਤਿ' ਹੈ। ਸਿਖ-ਇਤਿਹਾਸ ਵਿਚ ਗੁਰੂ-ਜੋਤਿ ਨੇ ਦਸ ਸਰੀਰ-ਜਾਮੇ ਬਦਲੇ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਹ ਗੁਰੂ ਹੁੰਦੀ ਤਾਂ ਉਹਨਾਂ ਦੇ ਸਰੀਰ-ਚੋਲਾ ਛਡਣ ਨਾਲ ਗੁਰਤਾ ਦਾ ਸਿਲਸਿਲਾ ਸਮਾਪਤ ਹੋ ਜਾਂਦਾ। ਅਸਲੀਅਤ ਇਹ ਹੈ ਕਿ ਕਾਇਆਂ ਪਲਟਦੀ ਰਹੀ, ਪਰ ਗੁਰੂ ਦੀ ਸ਼ਬਦ-ਜੋਤਿ ਅਤੇ ਜੁਗਤਿ ਸਦਾ ਕਾਇਮ ਰਹੀ। ਹੁਣ ਵੀ ਸ਼ਬਦ-ਜੋਤਿ ਓਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅਸਥਿਰ ਹੈ। ਜੁਗਤਿ ਵਰਤਾਉਣ ਲਈ ਅਥਵਾ ਗੁਰ-ਦੀਖਿਆ ਦ੍ਰਿੜ ਕਰਾਉਣ ਲਈ ਦੇਹ ਦੀ ਲੋੜ, ਕਰਨੀ-ਕਮਾਈ ਵਾਲੇ ਤਿਆਰ-ਬਰ-ਤਿਆਰ ਪੰਜ ਗੁਰਸਿਖਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ। ਗੁਰ-ਦੀਖਿਆ (ਅੰਮ੍ਰਿਤ-ਸਿੰਚਾਰ) ਦੀ ਰਸਮ ਪੂਰੀ ਕਰਨ ਮਗਰੋਂ ਪੰਜ ਪਿਆਰੇ ਗੁਰੂ ਕੇ ਸਿਖ ਹੀ ਸਦਵਾਉਂਦੇ ਹਨ। ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਵਿਲੱਖਣ ਗੁਰਮੁਖੀ ਚਾਲ ਹੈ।

['ਅਰੰਭਕ ਬਚਨ' "ਸਬਦੁ ਗੁਰ ਪੀਰਾ" ਵਿਚੋਂ




www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚਾ ਰੱਬ ਹਨ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ। ਗੁਰੂ ਨਾਨਕ ਦਸਮੇਸ਼ ਜੀ ਗੋਬਿੰਦ ਰੂਪ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਹੀ ਗੁਰੂ ਪਾਤਸ਼ਾਹੀਆਂ ਦਾ ਸੱਚਾ ਸਰੂਪ ਹਨ, ਅਕਾਲ ਪੁਰਖ ਸੰਯੁਕਤ (ਸਣੇ) ਸਾਰੇ ਨਿਜ ਗੁਣਾਂ ਦੇ ਗੁਰੂ ਸਾਹਿਬਾਨ ਦੇ ਜਾਮਿਆਂ ਅੰਦਰ ਹਲੂਲ ਕਰਿ ਆਇਆ ਹੈ ਅਤੇ ਬਾਰੰਬਾਰੀ ਹਲੂਲ ਕਰ ਆਇਆ ਹੈ। ਅਕਾਲ ਪੁਰਖ ਦੇ ਗੁਰੂ-ਜਾਮਿਆਂ ਅੰਦਰ ਹਲੂਲ ਕਰ ਆਉਣ ਕਰਕੇ ਹੀ ਗੁਰੂ ਸਾਹਿਬਾਨ ਨੇ ਆਪਣੇ ਨਿਜ ਸਰੂਪਾਂ ਨੂੰ ਅਕਾਲ ਪੁਰਖ ਦੇ ਮਹਲ ਕਰਕੇ ਵਰਨਣ ਕੀਤਾ ਹੈ। ਏਸੇ ਕਰਕੇ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਆਦਿ ਨਾਵਾਂ ਨਾਲ ਗੁਰੂ ਪਾਤਸ਼ਾਹੀਆਂ ਸੰਕੇਤ ਹਨ। ਅਕਾਲ ਪੁਰਖ ਦੇ ਸਭ ਗੁਣ, ਸਮੂਚੇ ਗੁਣ ਹਰੇਕ ਗੁਰੂ ਜਾਮੇ ਅੰਦਰ ਆਣ ਉਤਰੇ ਹਨ, ਉਤਰਦੇ ਰਹੇ ਹਨ। ਅਕਾਲ ਪੁਰਖ ਸਮੁੱਚਾ ਹੀ ਜਦ ਗੁਰੂ ਜਾਮੇ ਅੰਦਰ ਆਣ ਅਵਤਰਦਾ ਹੈ, ਤਦ ਅਕਾਲ ਪੁਰਖ ਦੇ ਸਮੂਚੇ ਗੁਣ ਆਣ ਅਵਤਰਨੇ ਕੀ ਪਿਛੇ ਰਹਿ ਗਏ ? ਹਰਗਿਜ਼ ਨਹੀਂ, ਉਹ ਭੀ ਵਿਚੇ ਹੀ ਆਣ ਅਵਤਰੇ। ਅਕਾਲ ਪੁਰਖ ਦੇ ਨਾਲ ਹੀ ਆਣ ਅਵਤਰੇ। ਜਦ ਹਰੇਕ ਗੁਰੂ ਜਾਮੇ ਅੰਦਰ ਅਕਾਲ ਪੁਰਖ, ਸਮੇਤ ਆਪਣੇ ਗੁਣਾਂ ਦੇ ਆਣ ਉਤਰਿਆ ਤਾਂ ਦਸਾਂ ਗੁਰੂ ਸਾਹਿਬਾਨ ਦੇ ਸੱਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਸਮੁੱਚਾ ਹੀ ਆਪਣੇ ਸਮੁੱਚੇ ਗੁਣਾਂ ਸੰਯੁਕਤ ਨਿਰਸੰਦੇਹ ਆਣ ਅਵਤਰਿਆ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨਾ ਮੰਨਣਾ,* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਪਾਤਸ਼ਾਹੀਆਂ ਦੇ ਸਰੂਪ ਮੰਨਣ ਵਾਲੀ ਗੱਲ ਤੋਂ ਮੁਨਕਰ ਹੋਣਾ ਹੈ।

ਧੁਰ ਕੀ ਬਾਣੀ, ਅੰਮ੍ਰਿਤ ਸਰੂਪ ਪਾਰਸ ਗੁਰਬਾਣੀ, ਵਾਹਿਗੁਰੂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦਾ ਸਰੂਪ ਹੈ। ਅਰਥਾਤ, ਅਕਾਲ ਪੁਰਖ ਦੇ ਅੰਤਰੀਵੀ ਤੱਤ ਗੁਣ, ਇਹ ਧੁਰ ਕੀ ਬਾਣੀ ਹੈ, ਨਾ ਕਿ ਗੁਣਾਂ ਦਾ ਬਿਆਨ (Description)! ਅਕਾਲ ਪੁਰਖ ਦੇ ਇਹ ਗੁਰਬਾਣੀ ਰੂਪੀ ਅਕਾਲੀ ਗੁਣ ਧੁਰੋਂ ਬਣੇ ਬਣਾਤੇ, ਗੁਰੂ ਸਾਹਿਬਾਨ ਦੇ ਪਵਿਤਰ ਪਾਰਸ ਜਾਮਿਆਂ ਅੰਦਰ ਉਤਰੇ। ਸੋਈ ਗੁਣ ਬਣੇ ਬਣਾਤੇ ਗੁਰੂ ਜਾਮਿਆਂ ਤੋਂ ਹਲੂਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਜਾਮੇ ਅੰਦਰ ਆਣ ਪਰਵੇਸ਼ ਹੋਏ। ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨ ਮੰਨਣਾ ਅਤੇ ਗੁਣਾਂ ਦਾ ਮਹਿਜ਼ ਬਿਆਨ ਯਾ ਅਨੁਵਾਦ (ਡੈਸਕ੍ਰਿਪਸ਼ਨ) ਆਖਣਾ ਸਖ਼ਤ ਗਲਤ-ਫ਼ਹਿਮੀ ਵਾਲਾ ਅਗਿਆਨ ਹੈ।

ਪਾਰਸ ਰੂਪ ਗੁਰਬਾਣੀ ਗੁਰਾਂ ਦੇ ਮੁਖਾਰਬਿੰਦ ਤੋਂ ਉਚਰੀ ਹੋਈ, ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਅੰਦਰ ਉਕਰੀ ਹੋਈ, ਸਰਧਾ-ਪੁੰਜ ਨਾਮ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਤਾਂ ਐਨ(ਪਰਤੱਖ) ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹੀ ਪ੍ਰਤੀਤ ਹੁੰਦੀ ਹੈ। ਨਾਮ-ਕਮਾਈ ਤੋਂ ਘੁਥੇ ਅਤੇ ਗੁਰਮੁਖਾਂ ਵਾਲੀ ਅਨਿੰਨ ਸਰਧਾ ਤੋਂ ਊਣੇ ਖ਼ੁਸ਼ਕ ਫ਼ਿਲਾਸਫ਼ਰਾਂ ਨੂੰ, ਇਹ ਗੁਰਬਾਣੀ ਰੂਪੀ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਾਮੇ ਅੰਦਰ ਉਕਰੇ (ਲਿਖੇ) ਹੋਏ ਹੋਣ ਕਰਕੇ ਗੁਣਾਂ ਦਾ ਬਿਆਨ (ਡੈਸ੍ਕ੍ਰਿਪਸ਼ਨ) ਹੀ ਭਾਸਦੇ ਹਨ।

**ਧੁਰ ਕੀ ਬਾਣੀ ਬਾਣ ਰੂਪ ਹੈ, ਨਾ ਕਿ ਬਿਆਨ ਰੂਪ। ਇਹ** ਅੰਮ੍ਰਿਤ ਰੂਪ ਪਾਰਸ-ਕਲਾ ਬਣੀ ਪਾਰਸ-ਰਸਾਇਣੀ ਗੁਰਬਾਣੀ ਅਕਾਲ ਪੁਰਖ ਜੋਤੀ ਸਰੂਪ ਦੀ ਤੇਜ-ਪੁੰਜ-ਦਿੱਬਤਾ ਦਾ ਜੋਤਿ-ਕ੍ਰਿਸ਼ਮੀ ਉਤਾਰਾ ਹੈ, ਪਰ ਇਸ ਪਾਰਸ ਨੂੰ ਪਰਸਿਆਂ ਹੀ ਇਸ ਜੋਤਿ-ਕ੍ਰਿਸ਼ਮਤਾ ਦਾ ਨੂਰ-ਕਿਰਨੀ-ਦਿਬ-ਦਰਸਾਰਾ ਹੁੰਦਾ ਹੈ।

ਪ੍ਰਸ਼ਨ—ਅਕਾਲ ਪੁਰਖ ਦੇ ਗੁਣਾਂ ਵਿਚੋਂ ਇਕ ਗੁਣ ਅਕਾਲ ਪੁਰਖ ਦਾ ਜੋਤਿ-ਪੁੰਜ ਹੋਣਾ ਹੈ ?

---

*ਜਿਹਾ ਕਿ ਨਾਮਧਾਰੀਏ ਰਾਧਾ ਸੁਆਮੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਤੋਂ ਮੁਨਕਰ ਹੈ। ਇਹ ਉਨ੍ਹਾਂ ਦੀ ਕੱਜ-ਫ਼ਹਿਮੀ ਹੈ।

[ਸੰਪਾਦਕ]



www.AKJ.Org

ਉਤਰ—ਗੁਰਬਾਣੀ ਭੀ ਜੋਤਿ-ਪੁੰਜ ਹੈ ।

ਪ੍ਰਸ਼ਨ—ਪਰ ਸਾਨੂੰ ਪ੍ਰਤੀਤ ਨਹੀਂ, ਗੁਰਬਾਣੀ ਵਿਚ ਜੋਤਿ ਸਾਨੂੰ ਦਿਸਦੀ ਨਹੀਂ ।

ਉਤਰ—ਕੀ ਆਮ ਅਲਪਗ ਦ੍ਰਿਸ਼ਟੀ ਨੂੰ ਅਕਾਲ ਪੁਰਖ ਦੀ ਜੋਤਿ ਦਿਸਦੀ ਹੈ ? ਤਾਂ ਤੇ ਆਪ ਦਾ ਅਕਾਲ ਪੁਰਖ ਨੂੰ ਜੋਤਿ-ਪੁੰਜ ਆਖ ਦੇਣਾ ਕੀ ਅਧਿਕ ਵਿਸ਼ੇਸ਼ਤਾ ਰਖਦਾ ਹੈ ? ਅਕਾਲ ਪੁਰਖ ਨੂੰ ਵਾਸਤਵ ਵਿਚ ਜੋਤਿ-ਪੁੰਜ ਸਰੂਪ ਵਿਚ ਪਰਤੱਖ ਦੇਖਣਾ, ਗੁਰਬਾਣੀ ਦੀ ਕ੍ਰਿਸ਼ਮ-ਕਮਾਈ ਉਤੇ ਹੀ ਨਿਰਭਰ ਰਖਦਾ ਹੈ । ਗੁਰਬਾਣੀ ਦੀ ਕ੍ਰਿਸ਼ਮ-ਕਮਾਈ ਕੀਤਿਆਂ ਨਾ ਕੇਵਲ ਗੁਰਬਾਣੀ ਹੀ ਜੋਤਿ-ਸਰੂਪ ਵਿਕਾਸ ਵਿਚ ਪ੍ਰਤਿਬਿੰਬਤ ਹੋਇ ਆਉਂਦੀ ਹੈ, ਬਲਕਿ ਅਕਾਲ ਪੁਰਖ ਦਾ ਲੁਪਤ ਗੁਪਤ ਜੋਤੀ ਸਰੂਪ ਭੀ ਨਭ ਘਟ ਅੰਤਰ ਹੀ ਤੇਜਸੀ ਜੋਤਿ ਪ੍ਰਤਿਬਿੰਬਤਾ ਪ੍ਰਜੁਲਤਾ ਕਰਿ ਆਉਂਦਾ ਹੈ । ਅਕਾਲ ਪੁਰਖ ਦੇ ਜੋਤਿ ਸਰੂਪ ਹੋਣ ਦੀ ਤਤ ਪ੍ਰਤੀਤ ਗੁਰਬਾਣੀ ਰੂਪੀ ਗੁਣਾਂ ਦੇ ਪ੍ਰਤਾਪ ਕਰਕੇ ਹੀ ਜ਼ਹੂਰ ਵਿਚ ਆਉਂਦੀ ਹੈ । ਅਕਾਲ ਪੁਰਖ ਦੇ ਜੋਤੀ ਸਰੂਪ ਹੋਣ ਦਾ ਜ਼ਹੂਰ ਗੁਰਬਾਣੀ ਦੇ ਗੁਣਾਂ ਦੇ ਨੂਰ ਪੁੰਜ ਪ੍ਰਗਟੀਆਉਣ ਪਰ ਪ੍ਰਗਟ ਪਹਾਰੇ ਜਾਪਦਾ ਹੈ । ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਬਾਣੀ ਦੇ ਕੇਵਲ ਬੋਹਿਥ ਹੀ ਨਹੀਂ, ਬਲਕਿ ਅਕਾਲ ਪੁਰਖ ਦੇ ਤੱਤ ਗੁਣਾਂ ਦਾ ਪੁੰਜ ਹਨ । **ਗੁਰਬਾਣੀ ਮਹਿਜ਼ ਉਪਦੇਸ਼ ਰੂਪ ਕਥਾ ਕਹਾਣੀ ਮਈ ਅਕਾਲ ਪੁਰਖ ਦੇ ਗੁਣਾਂ ਦਾ ਫੋਕਟ ਬਿਆਨ ਬਿਰਤਾਂਤ ਨਹੀਂ, ਬਲਕਿ ਇਹ ਗੁਰਬਾਣੀ ਅਕਾਲ ਪੁਰਖ ਦਾ ਤੱਤ ਗਿਆਨ ਹੈ ।** ਅਕਾਲ ਪੁਰਖ ਦੇ ਤੱਤ ਅੰਮ੍ਰਿਤ ਗੁਣ ਗੁਰਬਾਣੀ ਦੁਆਰਾ ਹੀ ਤੱਤ ਗਿਆਨ ਤੇ ਤੱਤ ਧਿਆਨ ਅੰਦਰ ਆਉਂਦੇ ਹਨ(ਜ਼ਹੂਰ ਪਜ਼ੀਰ ਹੁੰਦੇ ਹਨ)।

ਪ੍ਰਸ਼ਨ—ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਦੇ ਅੰਦਰ ਹਨ । ਜੈਸਾ ਕਿ ਪਾਣੀ ਦਾ ਠੰਡਾ-ਪਣ ਵਾਲਾ ਗੁਣ ਪਾਣੀ ਦੇ ਅੰਦਰ ਹੈ । ਪਾਣੀ ਨੂੰ ਠੰਡਾ ਆਖਣਾ ਪਾਣੀ ਦੇ ਠੰਡਾ ਹੋਣ ਵਾਲੇ ਗੁਣ ਦਾ ਬਿਆਨ ਵਖਿਆਨ (ਡੈਸਕ੍ਰਿਪਸ਼ਨ) ਹੈ । ਪਾਣੀ ਦੇ ਠੰਡਾ ਆਖਣ ਮਾਤਰ ਵਿਚ ਪਾਣੀ ਦੀ ਠੰਡਕ ਨਹੀਂ, ਠੰਡਕ ਤਾਂ ਪਾਣੀ ਵਿਚ ਹੈ ?

ਉਤਰ—ਭਾਵੇਂ ਦ੍ਰਿਸ਼ਟਾਂਤ ਉਦਾਹਰਣ ਦੇ ਸਾਰੇ ਅੰਗ ਦਾਰਿਸ਼ਟਾਂਤ ਵਿਚ ਨਹੀਂ ਘਟ ਸਕਦੇ, ਪਰ ਫੇਰ ਭੀ ਅਸੀਂ ਆਪ ਦੀ ਨਿਸ਼ਾ ਕਰ ਦਿੰਦੇ ਹਾਂ । ਅਕਾਲ ਪੁਰਖ ਠੰਡਾ ਹੈ ਤਾਂ ਗੁਰਬਾਣੀ ਭੀ ਠੰਡੀ ਹੈ । ਅਜੇ ਅਕਾਲ ਪੁਰਖ ਦੇ ਠੰਡੇ ਹੋਣ ਦਾ ਗੁਣ ਤਾਂ ਆਪ ਦਾ ਸੁਣਿਆ ਸੁਣਾਇਆ ਹੀ ਹੈ, ਪਰੰਤੂ ਗੁਰਬਾਣੀ ਦੀ ਠੰਡਕ ਠੰਡਿਆਂ ਦੀ ਅਜ਼ਮਾਈ ਹੋਈ ਹੈ ।

ਆਪ ਦੇ ਪਾਸ ਕੀ ਸਬੂਤ ਹੈ ਕਿ ਪਾਣੀ ਠੰਡਾ ਹੈ ? ਜਿਨ੍ਹਾਂ ਨੇ ਪਾਣੀ ਪੀਤਾ ਹੈ ਤੇ ਪੀ ਕੇ ਆਖਿਆ ਹੈ ਕਿ ਇਹ ਠੰਡਾ ਹੈ, ਤਾਂ ਹੀ ਆਪ ਨੇ ਆਖਿਆ ਹੈ ਕਿ ਪਾਣੀ ਠੰਡਾ ਹੈ, ਯਾ ਆਪ ਨੇ ਖ਼ੁਦ ਪੀ ਕੇ ਅਜ਼ਮਾ-ਇਆ ਕਿ ਪਾਣੀ ਠੰਡਾ ਹੈ, ਤਦੇ ਆਪ ਨੂੰ ਪ੍ਰਤੀਤ ਹੋਇਆ ਕਿ ਪਾਣੀ ਅੰਦਰ ਠੰਡਾ ਹੋਣ ਦੇ ਗੁਣ ਹਨ । ਸਚਮੁਚ ਪਾਣੀ ਨੂੰ ਠੰਡਾ ਠੰਡਾ ਆਖਣ ਵਿਚ ਆਪ ਨੂੰ ਪਾਣੀ ਦੀ ਠੰਡਕ ਨਹੀਂ ਵਿਆਪੀ ਤੇ ਨਾ ਹੀ ਪ੍ਰਤੀਤ ਹੋਈ, ਜਦ ਤਾਈਂ ਕਿ ਆਪ ਨੇ ਪਾਣੀ ਪੀ ਨਹੀਂ ਲਿਆ ; ਪਾਣੀ ਦੇ ਗੁਣਾਂ ਨੂੰ ਆਖੀ ਜਾਣਾ ਠੰਡਕ ਨਹੀਂ ਪੁਚਾ ਸਕਦਾ, ਪਰੰਤੂ ਗੁਰਬਾਣੀ ਰੂਪੀ ਗੁਣਾਂ ਦੇ ਆਖੀ ਜਾਣ ਵਿਚ ਹੀ ਠੰਡਕ ਹੈ । ਅੰਮ੍ਰਿਤ ਰੂਪੀ ਬਾਣੀ ਦਾ ਆਖੀ ਭਾਖੀ ਜਾਣਾ ਅੰਮ੍ਰਿਤ ਪੀਣਾ ਛਕੀਣਾ ਹੈ, ਕਿਉਂਕਿ ਇਹ ਅੰਮ੍ਰਿਤ-ਬਾਣੀ ਅੰਮ੍ਰਿਤ-ਕਲਾ ਵਰਤਾਉਂਦੀ ਹੈ । ਇਹੋ ਤਾਂ ਤੱਤ ਪ੍ਰਮਾਰਥੀ ਅਕਾਲੀ ਗੁਣਾਂ ਦੀ ਤੱਤ ਵਿਲੱਖਣਤਾ ਹੈ । ਤ੍ਰੈ-ਗੁਣੀ ਪਦਾਰਥਾਂ ਦੀ ਮਿਸਾਲ ਤਿਥੇ ਲਵੇ ਨਹੀਂ ਲਗ ਸਕਦੀ । ਪਾਣੀ ਦੇ ਠੰਡਾ ਹੋਣ ਦੇ ਗੁਣ ਪਾਣੀ ਵਿਚ ਹਨ, ਪਾਣੀ ਦੇ ਠੰਡਾ ਠੰਡਾ ਆਖਣ ਵਿਚ ਨਹੀਂ । ਪਰੰਤੂ ਅਕਾਲ ਪੁਰਖ ਦੇ ਗੁਣਾਂ ਨੂੰ, ਅਰਥਾਤ ਗੁਰਬਾਣੀ ਦੇ ਆਖਣ ਭਾਖਣ, ਰਟਣ ਮਾਤ੍ਰ ਵਿਚ ਹੀ ਸੱਚੀ ਸੀਲਤਾ (ਠੰਡਕ) ਹੈ । ਅਕਾਲ ਪੁਰਖ ਦੀ ਸੀਲਤਾ ਗੁਰਬਾਣੀ ਰੂਪੀ ਗੁਣਾਂ ਦੀ ਸੀਲਤਾ ਨੂੰ ਪੇਖਿਆਂ



www.AKJ.Org

ਪਰਖਿਆਂ ਹੀ ਸੀਲਤਾ ਹੁੰਦੀ ਹੈ, ਅਰਥਾਤ ਸੀਲਤਾ ਦੀ ਸੱਤਤਾ ਨਿਸਚੇ ਕਰਾਉਂਦੀ ਹੈ।

ਪ੍ਰਸ਼ਨ–ਇਹ ਤਾਂ ਸਿਧ ਹੋ ਗਿਆ ਮੰਨਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਸਰੂਪ ਹੈ, ਪਰ ਆਪ ਦੇ ਹੀ ਕਥਨ ਅਨੁਸਾਰ ਇਹ ਭੀ ਸਿਧ ਹੈ ਕਿ ਗੁਰਬਾਣੀ ਦੀ ਕਮਾਈ ਕੀਤੇ ਬਿਨਾਂ ਅਕਾਲ ਪੁਰਖ ਦੇ ਤੱਤ ਗੁਣਾਂ ਦੀ ਲਖਤਾ ਨਹੀਂ ਹੁੰਦੀ। ਗੁਣਾਂ ਦੇ ਪ੍ਰਗਟੀਆਉਣ ਵਾਲਾ ਫ਼ਿਕਰਾ ਹੀ ਦਸਦਾ ਹੈ ਕਿ ਗੁਣ ਅਕਾਲ ਪੁਰਖ ਵਿਚ ਹਨ, ਜਿਥੋਂ ਕਿ ਇਹ ਪ੍ਰਗਟੀਆਇ ਹਨ ?

ਉਤਰ–ਅਕਾਲ ਪੁਰਖ ਦੇ ਪ੍ਰਗਟੀਆਏ ਗੁਣਾਂ ਦਾ ਗੁਲਦਸਤਾ ਹੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਆਈ, ਪ੍ਰਗਟੀਆਈ, ਅਵਤਰ-ਆਈ ਗੁਰਬਾਣੀ ਹੈ। ਹੋਰ ਆਪ ਹੀ ਦਸੋ ਕਿ ਇਨ੍ਹਾਂ ਗੁਰਬਾਣੀ ਅੰਦਰ ਆਏ ਅਵਤਰੇ ਗੁਣਾਂ ਤੋਂ ਭਿੰਨ ਹੋਰ ਕਿਹੜੇ ਗੁਣ ਹਨ, ਜਿਨ੍ਹਾਂ ਨੂੰ ਕਿ ਆਪ ਦਸਦੇ ਹੋ ਕਿ ਓਹ ਅਕਾਲ ਪੁਰਖ ਵਿਚ ਹਨ ?

ਪ੍ਰਸ਼ਨ-ਕਰਤਾ–ਉਹ ਗੁਣ ਅਕਾਲ ਪੁਰਖ ਦੇ ਵਿਚ ਹੀ ਹਨ, ਉਨ੍ਹਾਂ ਦਾ ਵਰਨਣ ਨਹੀਂ ਹੋ ਸਕਦਾ।

ਉਤਰ-ਦਾਤਾ–ਤਾਂ ਆਪ ਹੁਣ ਇਸ ਗੱਲ ਤੋਂ ਭੀ ਮੁਨਕਿਰ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਵਰਨਣ ਹੈ।

ਪ੍ਰਸ਼ਨ-ਕਰਤਾ–ਵਰਨਣ (ਬਿਆਨ) ਤਾਂ ਹੈ।

ਉਤਰ-ਦਾਤਾ–ਤਦ ਆਪ ਦਾ ਇਹ ਕਥਨ ਗਲਤ ਸਿਧ ਹੋ ਗਿਆ ਕਿ ਅਕਾਲ ਪੁਰਖ ਦੇ ਗੁਣਾਂ ਦਾ ਵਰਨਣ ਨਹੀਂ ਹੋ ਸਕਦਾ।

ਪ੍ਰਸ਼ਨ-ਕਰਤਾ–ਹੋ ਤਾਂ ਸਕਦਾ ਹੈ, ਪਰ ਮੇਰੇ ਵਰਗੇ ਅਲਪੱਗ ਬੁੱਧੀ ਵਾਲੇ ਜੰਤ ਉਹਨਾਂ ਗੁਣਾਂ ਨੂੰ ਵਰਨਣ ਨਹੀਂ ਕਰ ਸਕਦੇ।

ਉਤਰ-ਦਾਤਾ–ਸਤਿਗੁਰਾਂ ਦੀ ਸਰਬੱਗ ਬੁੱਧੀ ਤਾਂ ਵਰਨਣ ਕਰ ਸਕਦੀ ਹੈ ਕਿ ਨਹੀਂ ?

ਪ੍ਰਸ਼ਨ-ਕਰਤਾ–ਹਾਂ, ਸਤਿਗੁਰੂ ਸਾਹਿਬਾਨ ਦੀ ਸਰਬੱਗਤਾ ਅੰਦਰ ਸਮਰੱਥਾ ਹੈ।

ਉਤਰ-ਦਾਤਾ–ਸਤਿਗੁਰਾਂ ਦੀ ਸਰਬੱਗਤਾ ਤੇ ਸਮਰੱਥਤਾ ਇਸ ਗੱਲ ਦੀ ਲਖਾਇਕ ਹੈ ਕਿ ਸਤਿਗੁਰਾਂ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਪਰਤੱਖ ਪੇਖ ਕੇ ਹੀ ਉਨ੍ਹਾਂ ਦਾ ਪਰਤੱਖ ਉਤਾਰਾ ਗੁਰਬਾਣੀ ਦੇ ਸਰੂਪ ਵਿਚ ਉਤਾਰਿਆ ਹੈ। ਚਾਹੇ ਬੁੱਧੀ ਦੇ ਬੁੱਧੀਵਾਨਾਂ ਨੂੰ ਇਹ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਨਣ ਹੀ ਭਾਸੇ, ਪਰ ਵਾਸਤਵ ਵਿਚ ਤਾਂ ਇਹ ਗੁਰਬਾਣੀ ਰੂਪੀ ਗੁਣ, ਅਕਾਲ ਪੁਰਖ ਦੇ ਤੱਤ ਅੰਤਰੀਵ ਗੁਣ ਹੀ ਹਨ, ਜੋ ਸਰਬੱਗਯ, ਸਮਰਥਵਾਨ ਮਹਾਂ ਪੁਰਖ ਸਰਬੱਗ ਬੁੱਧੀ ਦੇ ਬੁਧੀਸ਼ਰਾਂ ਨੇ ਪਰਤੱਖ ਪੇਖੇ ਪਰਖੇ ਹਨ। ਤਿਨ੍ਹਾਂ ਦੇ ਨਿਕਟ ਅਕਾਲ ਪੁਰਖ ਦੇ ਲੁਪਤ ਗੁਪਤ ਗੁਣ (ਅਲਪੱਗ ਬੁਧੀਓਂ ਅਗੋਚਰ ਅਕਾਲੀ ਗੁਣ) ਸਾਖਸ਼ਾਤਕਾਰਤਾ ਦੀ ਸੱਤਤਾ-ਜਨਕ ਹਨ। ਜਿਹੇ ਅਕਾਲ ਪੁਰਖ ਵਿਚ ਹਨ ਤਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। ਅਲਪੱਗ ਬੁਧੀ ਵਾਲਿਆਂ ਨੂੰ ਇਹ ਗੁਣ ਨਿਰਾ ਵਰਨਣ-ਰੂਪ ਹੀ ਪ੍ਰਤੀਤ ਹੁੰਦੇ ਹਨ। ਇਨ੍ਹਾਂ ਸਰਬੱਗ ਅਕਾਲੀ ਗੁਣਾਂ ਦੀ ਸਪਰਸ਼ਤਾ ਨਾਲ ਬੁੱਧੀ ਅਲਪੱਗ ਤੋਂ ਸਰਬੱਗ ਹੋਇ ਆਵੰਦੀ ਹੈ ਅਤੇ ਸਰਬੱਗਤਾ ਪ੍ਰਾਪਤ ਕਰ ਕੇ ਇੰਨ ਬਿੰਨ ਸਾਖਸ਼ਾਤ ਹੀ ਤਿਨ੍ਹਾਂ ਅਕਾਲੀ ਗੁਣਾਂ ਨੂੰ ਅਕਾਲ ਪੁਰਖ ਦੇ ਅੰਤਰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰ-ਗਤ ਅਭੇਦ ਰੂਪ ਕਰਕੇ ਹੀ ਪੇਖਦੀ ਹੈ। ਜੈਸੇ ਕਿ ਪਾਣੀ ਜਿਨ੍ਹਾਂ ਨੇ ਪਰਸਿਆ ਹੈ ਤਿਨ੍ਹਾਂ ਨੂੰ ਠੰਡਾ ਪ੍ਰਤੀਤ ਹੋਇਆ ਹੈ। ਇਸੇ ਤਰ੍ਹਾਂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੀ ਪਾਰਸਤਾ ਨੂੰ ਜਿਨ੍ਹਾਂ ਨੇ ਪਰਸਿਆ ਤੇ ਅਕਾਲ ਪੁਰਖ ਨੂੰ ਭੇਟਿਆ ਹੈ, ਤਿਨ੍ਹਾਂ ਨੂੰ ਹੀ ਵਾਸਤਵ ਵਿਚ ਅਕਾਲ ਪੁਰਖ ਠੰਡਾ, ਮਿੱਠਾ



www.AKJ.Org

ਅਤੇ ਜੋਤਿ ਜੋਤੰਨਾ ਕਰਕੇ ਸਾਕਸ਼ਾਤ ਹੋਇਆ ਹੈ । ਤ੍ਰੈਗੁਣੀ ਪਦਾਰਥਾਂ ਦੇ ਗੁਣਾਂ ਦੀ ਸਪਰਸ਼ਤਾ ਪਾਰਸ-ਕਲਾ ਨਹੀਂ ਵਰਤਾ ਸਕਦੀ, ਇਸ ਕਰਕੇ ਉਹ ਗੁਣ ਨਿਰੇ ਵਰਨਣ ਰੂਪ ਹੀ ਹਨ । ਜਿਨ੍ਹਾਂ ਨੇ ਪਾਣੀ ਨੂੰ ਨਹੀਂ ਪੀਤਾ, ਉਨ੍ਹਾਂ ਨੂੰ 'ਪਾਣੀ ਠੰਡਾ ਹੈ' ਕਹਿਣ ਮਾਤਰ ਨਾਲ ਠੰਡਕ ਨਹੀਂ ਪਹੁੰਚ ਸਕਦੀ, ਪਰ ਦੂਜੇ ਪਾਸੇ ਪ੍ਰਮਾਰਥੀ ਗੁਣਾਂ, ਅਰਥਾਤ ਗੁਰਬਾਣੀ ਰੂਪੀ ਅਕਾਲੀ ਗੁਣਾਂ ਦੇ ਸਪਰਸ਼ਨ (ਆਖਣ, ਭਾਖਣ ਰੂਪ ਵਰਨਣ ਕਰਨ) ਨਾਲ ਹੀ ਤਿਨ੍ਹਾਂ ਨੂੰ ਭੀ ਅਕਾਲ ਪੁਰਖ ਦੇ ਗੁਣਾਂ ਦਾ ਸਾਕਸ਼ਾਤਕਾਰ ਹੋਇ ਆਉਂਦਾ ਹੈ ।

ਜਿਨ੍ਹਾਂ ਨੇ ਕਦੇ ਅਕਾਲ ਪੁਰਖ ਨੂੰ ਦੇਖਿਆ ਭੀ ਨਹੀਂ, ਜਿਨ੍ਹਾਂ ਨੂੰ ਅਕਾਲ ਪੁਰਖ ਦੇ ਗੁਣ ਸਾਖਸ਼ਾਤ ਨਹੀਂ ਹੋਏ, ਓਹਨਾਂ ਦਾ ਇਹ ਆਖਣਾ ਕਿ ਏਹ ਗੁਣ ਅਕਾਲ ਪੁਰਖ ਵਿਚ ਹਨ ? ਕੋਈ ਭੀ ਅਰਥ ਪ੍ਰਮਾਰਥ ਸਿਧ ਨਹੀਂ ਕਰਦਾ । ਓਹਨਾਂ ਨੂੰ ਏਹ ਗੁਣ ਨਿਰੇ ਵਰਨਣ ਰੂਪ ਹੀ ਭਾਸਦੇ ਹਨ ।

ਪ੍ਰਸ਼ਨ-ਕਰਤਾ—ਪਰੰਤੂ ਏਹ ਗੁਣ ਅਕਾਲ ਪੁਰਖ ਵਿਚ ਹੀ ਹਨ ਨਾ ?

ਉਤਰ-ਦਾਤਾ—ਅਸੀਂ ਆਖਦੇ ਹਾਂ ਕਿ ਇਹੀ ਗੁਣ ਸ੍ਰੀ ਗੁਰੂ ਗ੍ਰੰਥ ਅੰਦਰ ਭੀ ਹਨ । ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲੀ ਗੁਣਾਂ ਦਾ ਹੋਣਾ ਤੁਸਾਨੂੰ ਅਕਾਲ ਪੁਰਖ ਤੋਂ ਬਾਹਰ ਕਿਉਂ ਭਾਸਦਾ ਹੈ ? ਅਕਾਲ ਪੁਰਖ ਸਰਬ ਵਿਆਪਕ ਹੈ । ਇਸ ਸਰਬ-ਵਿਆਪਕਤਾ ਅੰਦਰ ਤ੍ਰੈਗੁਣੀ ਤੁਰੀਆ ਗੁਣੀ ਗੁਣ ਸਭ ਆ ਗਏ । ਅਕਾਲ ਪੁਰਖ ਦੇ ਵੈਰਾਟ ਸਰੂਪ ਅੰਦਰ ਨ ਸਿਰਫ਼ ਕੋਟਾਨ ਕੋਟ ਬ੍ਰਹਮਾ, ਬਿਸ਼ਨ, ਮਹੇਸ਼ ਸਾਰਖੇ ਤ੍ਰੈ ਗੁਣਾਂ ਦਾ ਪਸਾਰਾ ਹੀ ਹੈ, ਬਲਕਿ ਤੁਰੀਆ ਗੁਣੀ ਤੱਤ ਪ੍ਰਮਾਰਥੀ ਗੁਣਾਂ—ਅਕਾਲੀ ਗੁਣਾਂ—ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਅਕਾਲੀ ਗੁਣਾਂ ਸੰਯੁਕਤ ਅਕਾਲ ਪੁਰਖ ਦੇ ਸਰਬ ਵਿਆਪਕ ਵੈਰਾਟ ਸਰੂਪ ਅੰਦਰ ਭੀ ਹੈ, ਬਾਹਰ ਨਹੀਂ । ਪਤਾ ਨਹੀਂ ਲਗਦਾ ਕਿ ਗੁਣਾਂ ਦਾ ਅਕਾਲ ਪੁਰਖ ਵਿਚ ਆਪ ਦਾ ਆਖੀ ਜਾਣਾ ਕੀ ਅਰਥ ਰਖਦਾ ਹੈ ? ਅਤੇ ਅਕਾਲੀ ਗੁਣਾਂ ਦਾ ਸਰਬੱਗਤਾ-ਮਈ ਪ੍ਰਗਫ਼ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਸਰੂਪ ਅਤੇ ਅਕਾਲ ਪੁਰਖ ਦੇ ਵੈਰਾਟ ਸਰੂਪ ਤੋਂ ਆਪ ਨੂੰ ਬਾਹਰ ਕਿਉਂ ਭਾਸਦਾ ਹੈ ? ਇਹ ਕੇਵਲ ਬੁੱਧੀ ਦਾ ਕੁਫੇਰ ਹੀ ਹੈ, ਯਾ ਐਵੇਂ ਲਫ਼ਜ਼ਾ ਲਫ਼ਜ਼ੀ ਦਾ ਹੇਰ ਫੇਰ ਹੈ । ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਨਣ ਸਰੂਧ ਆਖਣ ਵਾਲੀ ਲਾਜਿਕ (ਮੰਤਕ, ਦਲੀਲਬਾਜ਼ੀ) ਏਥੇ ਆਇਦ ਨਹੀਂ ਹੋ ਸਕਦੀ, ਅਰਥਾਤ ਘ੍ਹਟ ਨਹੀਂ ਸਕਦੀ । ਇਸ ਤਰ੍ਹਾਂ ਤਾਂ ਤੁਹਾਡਾ ਇਹ ਆਖੀ ਜਾਣਾ ਕਿ ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਦੇ ਵਿਚ ਹਨ, ਇਹ ਭੀ ਇਕ ਵਰਨਣ ਹੀ ਹੈ । ਇਸ ਵਰਨਣ ਵਿਚ ਭੀ ਗੁਣਾਂ ਦੀ ਸੱਤਤਾ ਨਹੀਂ ਨਿਰਖੀ ਜਾ ਸਕਦੀ । ਤੁਸਾਡਾ ਆਖੀ ਜਾਣਾ ਕਿ ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਵਿਚ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ । ਸਗੋਂ ਅਕਾਲ ਪੁਰਖ ਨੂੰ ਤਾਂ ਤੁਸੀਂ ਉੱਕਾ ਹੀ ਨਹੀਂ ਦੇਖਿਆ, ਉਸ ਦੇ ਗੁਣਾਂ ਨੂੰ ਤਾਂ ਤੁਸੀਂ ਕੀ ਪੇਖਣਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੁਸੀਂ ਪੇਖੇ ਤਾਂ ਲਿਆ ਹੈ । ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰਲੇ ਗੁਣਾਂ ਨੂੰ ਭੀ ਪੇਖ ਪਠ ਲਿਆ ਹੈ । ਭਾਵੇਂ ਪਰਖਿਆ ਚਾਖਿਆ ਨਹੀਂ । ਪੇਖੇ ਪਠੇ ਗੁਣਾਂ ਤੋਂ ਮੁਨਕਿਰ ਹੋਣ ਵਾਲਿਆਂ ਦਾ ਅਣਪੇਖੇ ਅਤੇ ਅਣ-ਪਠੇ ਅਕਾਲ ਪੁਰਖ ਦੇ ਗੁਣਾਂ ਨੂੰ ਗੁਣ ਆਖੀ ਜਾਣਾ ਹੀ ਨਿਰੋਲ ਸੁਣੀ-ਸੁਣਾਈ ਅੰਧਾ-ਧੁੰਧ ਵਰਣਤਾ ਹੈ । ਆਤਮ-ਗਤ ਸੁਫੁਰਨਤਾ ਵਾਲੀ ਸੱਤਤਾ (Reality-Realization) ਨਹੀਂ । ਅਕਾਲ ਪੁਰਖ ਦੇ ਸਰੂਪ ਨੂੰ ਤੁਸੀਂ ਇਕ ਫ਼ਰਜ਼ੀ ਮਹਿਦੂਦ ਘੁਰਨਾ ਕਲਪੀ ਬੈਠੇ ਹੋ, ਜਿਸ ਅੰਦਰੋਂ ਗੁਣ ਬਾਹਰ ਨਹੀਂ ਪ੍ਰਗਟ ਹੋ ਸਕਦੇ । ਅਤੇ ਗੁਣਾਂ ਦੇ ਪ੍ਰਗਟ ਸਰੂਪ ਨੂੰ ਤੁਸੀਂ ਮਹਿਜ਼ ਵਰਨਣ ਆਖ ਕੇ ਤੱਤ ਗੁਣਾਂ ਤੋਂ ਗਿਆਤ ਹੋਣ ਵਾਲਾ ਦਾਇਰਾ ਹੋਰ ਭੀ ਤੰਗ ਕਰ ਰਹੇ ਹੋ । ਤੱਤ ਗੁਣਾਂ ਅਤੇ ਗੁਣੀ ਅਕਾਲਪੁਰਖ ਦੀ ਸਰਬ-ਵਿਆਪਕਤਾ ਅਭੇਦਤਾ ਸਰੂਪ ਹੈ, ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪ੍ਰਗਟੀਆਏ ਗੁਣਾਂ ਦੀ ਗੁਰਮਤਿ ਕਮਾਈ ਦੁਆਰਾ ਹੀ ਤੱਤ-ਲਖਤਾ ਵਿਚ ਆਉਂਦੀ ਹੈ । ਐਵੇਂ ਫੋਕੇ ਗਿਆਨ-ਫਲਸਫੇ ਦੁਆਰਾ ਇਸ ਭੇਦ ਦਾ ਨਿਰਣਾ ਹੋਣਾ ਅਤੀ ਅਸੰਭਵ ਹੈ ।

[ਪੁਸਤਕ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ-ਪ੍ਰਸਤੀ ਹੈ" ? ਵਿਚੋਂ]



www.AKJ.Org

# ਚਰਨ ਕੰਵਲਾਂ ਦਾ ਪਰਤਾਪ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਿਨ੍ਹਾਂ ਨੇ ਚਰਨ ਕੰਵਲਾਂ ਦੀ ਮਉਜ ਵਿਚ ਲਿਵ-ਧਿਆਨੀ ਹੋ ਕੇ ਦਸਮ ਦੁਆਰੀ ਸਿੰਘਾਸਨ ਉਤੇ ਆਪਣਾ ਆਸਨ ਜਾ ਜਮਾਇਆ ਹੈ, ਓਹ ਤ੍ਰੈ ਭਵਨਾਂ ਦੀ ਸੋਝੀ (ਤਤ ਲਖਤਾ) ਅਤੇ ਤ੍ਰਿਕਾਲ-ਦਰਸਤਾ ਦੀ ਗੰਮਤਾ ਵਿਚ ਪਰਬੀਨ ਹੋ ਗਏ ਹਨ। ਓਹ ਤ੍ਰਿਲੋਕੀ ਅੰਦਰਲੇ ਅਤੇ ਭੂਤ, ਭਵਿਖ, ਭਵਾਨ ਤਿਹਾਂ ਹੀ ਕਾਲਾਂ ਵਿਖੇ ਵਰਤ ਰਹੇ ਵਰਤਾਰੇ ਦੇ ਸਾਂਗੋ ਪਾਂਗ ਪੇਖਣਹਾਰੇ ਸਰਬ ਕਲਾ ਪਰਬੀਨ ਸਰਬ ਕਲਾਂ ਸਮਰਥ ਨਹੀਂ ਕੇਵਲ ਸਰਬ ਕਲਾ ਪਰਬੀਨ ਮਹਾਂ ਪੁਰਖ ਹੋ ਗਏ ਹਨ ਅਤੇ ਚਰਨ ਕੰਵਲਾਂ ਦੀ ਮਕਰੰਦ-ਰਸ-ਮਗਨਤਾ ਅਤੇ ਨੂਰ-ਜ਼ਹੂਰੀ-ਸੀਤਲਤਾ ਹੀ ਚਰਨ ਕੰਵਲ ਦੇ ਮਉਜੀ ਭਉਰਿਆਂ ਨੂੰ ਦੁਤੀਆ ਭਾਵ ਤੋਂ ਉਪਰਾਮ ਕਰ ਕੇ ਕੇਵਲ ਏਕੋ ਅਕਾਲ ਪੁਰਖ ਦੀ ਟੇਕ ਵਿਚ ਬਿਸਰਾਮ ਦੇਣ ਨੂੰ ਸਮਰਥ ਹੈ। ਚਰਨ ਕੰਵਲ ਦੀ ਰੇਣਕਾ ਵਿਚ ਲਿਪਟ ਲਿਪਟਾਇ ਕੈ ਮੱਜਨ ਕਰਨ ਦਾ ਪਰਤਾਪ ਅਤੀ ਅਸਚਰਜ ਹੈ, ਕੋਟ ਤੀਰਥਾਂ ਦੀ ਪੁਰਬੀ ਵਾਲੇ ਇਸ਼ਨਾਨ ਦਾ ਮਹਾਤਮ, ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਵਿਚ ਹੈ, ਕਿਉਂਕਿ ਕੋਟ ਤੀਰਥ ਸਤਿਗੁਰੂ ਦੇ ਚਰਨਾਂ ਵਿਚ ਵਸਦੇ ਹਨ। ਚਰਨ ਕੰਵਲਾਂ ਦੀ ਧੂੜੀ ਦੇ ਮੱਜਨ ਦਾ ਪਰਤਾਪ ਅਤੀਅੰਤ ਬਿਸਮਾਦ ਜਨਕ ਹੈ, ਕਿਉਂਕਿ ਚਰਨ ਕੰਵਲਾਂ ਦੀ ਰਜ-ਧੂੜੀ ਵਿਚ ਮੱਜਨ ਕਰਨ ਦੀ ਮਹੱਤਤਾ ਅੱਤ ਅਧਿਭੁਤ ਹੈ, ਕਿਉਂਕਿ ਚਰਨ ਕੰਵਲ ਦੇ ਪੁਜਾਰੀਆਂ ਨੂੰ ਕਾਰਨ ਕਰਨ ਚਰਨ ਕੰਵਲਾਂ ਨੇ ਕਾਰਨ ਅਧੀਨ, ਅਰਥਾਤ ਗੁਰੂ ਦੀ ਰਜਾਇ ਤੇ ਗੁਰੂ ਪ੍ਰਾਇਣ ਕਰ ਦਿਤਾ ਹੈ। ਚਰਨ ਕੰਵਲਾਂ ਦੀ ਧੂੜੀ ਵਿਚ ਮੱਜਨ ਕਰਨ ਦਾ ਪਾਰਸ ਪੁਨੀਤਾਇਣੀ ਪਰਤਾਪ ਇਹ ਵਰਤਦਾ ਹੈ ਕਿ ਚਰਨ-ਰੱਜ-ਮੱਜਨੀ ਬੰਦੇ ਪਤਿਤੋਂ ਮਹਾਂ ਪੁਨੀਤ ਹੋ ਜਾਂਦੇ ਹਨ, ਕਿਉਂਕਿ ਚਰਨ ਕੰਵਲ ਤਰਨ ਤਾਰਨ ਹਨ।

ਚਰਨ ਕੰਵਲ-ਆਰਾਧਨੀ ਅਨਿੰਨ ਆਸ਼ਕ ਜਨ ਹੀ ਸਚੇ ਪ੍ਰੇਮ-ਭਗਤਿ-ਅਸਨੇਹੀ ਜਨ ਬਣ ਸਕਦੇ ਹਨ। ਯਥਾ ਗੁਰਵਾਕ :—

ਚਾਤ੍ਰਿਕ ਚਿਤਵਤ ਬਰਸਤ ਮੇਂਹ ॥
ਕ੍ਰਿਪਾਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਹੁ ॥੧॥ਰਹਾਉ॥
ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥
ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥੧॥
ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥
ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥

[ਜੈਤਸਰੀ ਮਹਲਾ ੫, ਪੰਨਾ ੭੦੨

ਜਿਸ ਪ੍ਰਕਾਰ ਚਾਤ੍ਰਿਕ (ਬਬੀਹਾ-ਪਪੀਹਾ) ਸੁਆਂਤ ਬੂੰਦ ਹੇਤ ਚਿਤਵਦਾ ਹੈ ਅਤੇ ਪ੍ਰਿਉ ਪ੍ਰਿਉ ਟੇਰਦਾ ਹੈ ਤਿਸ ਪ੍ਰਕਾਰ ਚਰਨ ਕੰਵਲਾਂ ਦਾ ਪਿਆਸਾ ਸੱਚਾ ਆਸ਼ਕ ਜਨ ਚਰਨ ਕੰਵਲਾਂ ਨੂੰ ਹੀ ਆਰਾਧਦਾ ਹੈ। **ਵਾਹਿਗੁਰੂ ਨਾਮ ਦਾ ਆਰਾਧਨਾ ਚਰਨ ਕੰਵਲਾਂ ਦਾ ਆਰਾਧਨਾ ਹੈ, ਅਤੇ ਜਿਸ ਪ੍ਰਕਾਰ ਚਾਤ੍ਰਿਕ ਦੇ ਚਿਤਵੇ ਤੋਂ ਸੁਆਂਤ ਬੂੰਦ-ਬਰਸਾਵਨੀ-ਬਰਖਾ ਹੋਣ ਲਗ ਪੈਂਦੀ ਹੈ, ਤਿਸ ਪ੍ਰਕਾਰ ਵਾਹਿਗੁਰੂ ਨਾਮ ਦੇ ਆਰਾਧਨ ਕੀਤਿਆਂ ਚਰਨ ਕੰਵਲਾਂ ਦੀ ਰਸ-ਜੋਤਿ-ਵਿਗਾਸੀ ਕਿਰਣ ਅੰਤਰ-ਆਤਮੇ ਭੋਅਣ ਲਗ ਪੈਂਦੀ ਹੈ।** ਤਾਂ ਤੇ ਚਰਨ-ਕੰਵਲਾਰੀ-ਚਾਤ੍ਰਿਕ-ਪਪੀਹੇ ਹਰ ਦੰਮ ਇਹ ਪ੍ਰਾਰਥਨਾ ਕਰਦੇ ਰਹਿੰਦੇ ਹਨ ਕਿ ਹੇ ਕਿਰਪਾ ਦੇ ਸਾਗਰ, ਪ੍ਰਭੂ ਪਰਮਾਤਮਾ ! ਦਇਆ, ਤਰਸ, ਮੇਹਰ ਕਰਹੁ, ਜਾਂ ਤੇ ਵਾਹਿਗੁਰੂ, ਤੇਰੀ ਪ੍ਰੇਮਾ ਭਗਤੀ ਨਾਲ ਹੀ ਸਾਡਾ ਸੱਚੜਾ ਨੇਹੁ ਲੱਗਾ ਰਹੇ। ਜਿਸ ਪ੍ਰਕਾਰ ਚਕਵੀ ਨੂੰ ਹੋਰ ਨਾਨਾ ਪ੍ਰਕਾਰੀ ਸੁਖਾਂ ਨਾਲਿ



www.AKJ.Org

ਕੋਈ ਸਰੋਕਾਰ ਨਹੀਂ, ਹੋਰ ਕਿਸੇ ਸੁਖ ਦੀ ਚਾਹਨਾ ਨਹੀਂ, ਓਸ ਨੂੰ ਤਾਂ ਪੂਰਨ ਆਨੰਦ, ਦਿਨ ਚੜ੍ਹਿਆ ਵੇਖ ਕੇ ਹੀ ਆਉਂਦਾ ਹੈ, ਕਿਉਂਕਿ ਦਿਨ ਚੜ੍ਹਨ ਸਾਰ ਹੀ, ਸੂਰਜ ਉਦੇ ਹੁੰਦੇ ਹੀ ਉਸ ਦਾ ਪਿਆਰਾ ਉਸ ਨੂੰ ਆਣ ਮਿਲਦਾ ਹੈ, ਇਸੇ ਪ੍ਰਕਾਰ ਚਰਨ ਕੰਵਲਾਂ ਦੇ ਰਸੀਏ ਭੌਰਿਆਂ ਨੂੰ ਚਰਨ ਕੰਵਲਾਂ ਦਾ ਪਰਤੱਖ ਦੀਦਾਰ ਕਰ ਕੇ ਹੀ ਪੂਰਨ ਆਨੰਦ ਪ੍ਰਾਪਤ ਹੁੰਦਾ ਹੈ। ਜਿਸ ਪ੍ਰਕਾਰ ਮੱਛੀ ਜਲ ਬਿਹੂਨ ਹੋਰ ਕਿਸੇ ਉਪਾਵ ਜਤਨ ਨਾਲ ਭੀ ਨਹੀਂ ਜੀਉ ਸਕਦੀ ਅਤੇ ਜਲ ਦੇ ਵਿਛੋੜੇ ਨਾਲਿ ਉਸ ਦਾ ਮਰਨ ਹੋ ਜਾਂਦਾ ਹੈ, ਤਿਸ ਪ੍ਰਕਾਰ ਚਰਨ ਕੰਵਲ ਆਧਾਰੀ ਆਸ਼ਕ ਜਨ, ਚਰਨ ਕੰਵਲਾਂ ਦੇ ਦਰਸ ਦੀਦਾਰ ਬਾਝੋਂ ਜੀਉ ਨਹੀਂ ਸਕਦੇ, ਅਤੇ ਚਰਨ ਕੰਵਲਾਂ ਦੇ ਓਹਲੇ ਹੋਇਆਂ ਓਹਨਾਂ ਦਾ ਮਰਨ ਹੋ ਜਾਂਦਾ ਹੈ। ਬਸ, ਉਹਨਾਂ ਦੀ ਜੀਵਨ-ਬੂਟੀ ਚਰਨ ਕੰਵਲਾਂ ਦਾ ਦਰਸ਼ਨ ਹੀ ਹੈ। ਇਸ ਕਰਕੇ ਚਰਨ ਕੰਵਲਾਂ ਦੇ ਮੁਸ਼ਤਾਕ ਭਉਰੇ ਅੱਤ ਅਧੀਨ ਹੋ ਕੇ ਚਰਨ ਕੰਵਲ ਧਟੋਲੜੇ ਪ੍ਰੀਤਮ ਅਗੇ ਇਸ ਪ੍ਰਕਾਰ ਜੋਦੜੀਆਂ ਕਰਦੇ ਹਨ : ਹੇ ਪ੍ਰਾਨ ਨਾਥ ਸੁਆਮੀ ਪ੍ਰੀਤਮ ਜੀ, ਅਸੀਂ ਅਨਾਥ ਤੇਰੀ ਸਰਨੀ ਹਾਂ, ਆਪਣੀ ਐਸੀ ਕਿਰਪਾ ਕਰ, ਜਾਂ ਤੇ ਅਸੀਂ ਨਿਸ ਬਾਸਰ ਕੇਵਲ ਤੇਰੇ ਚਰਨ ਕੰਵਲਾਂ ਦਾ ਹੀ ਆਰਾਧਨ ਕਰਦੇ ਰਹੀਏ, ਕਿਉਂਕਿ ਅਸਾਨੂੰ ਬਿਨਾਂ ਚਰਨ ਕੰਵਲਾਂ ਦੇ ਹੋਰ ਕੁਛ ਭਾਉਂਦਾ ਨਹੀਂ ਅਤੇ ਬਿਨਾਂ ਚਰਨ ਕੰਵਲਾਂ ਦੇ ਇਸ਼ਕ ਦੇ ਹੋਰ ਕੁਛ ਭੀ ਅਸਾਡੇ ਹਿਰਦੇ ਵਿਚ ਸਮਾਉਂਦਾ ਨਹੀਂ, ਤਾਂਹੀ ਤਾਂ ਗੁਰਬਾਣੀ ਅੰਦਰ ਚਰਨ ਕੰਵਲਾਂ ਦੀ ਹਿਰਦੇ ਵਸਕ ਦਰਸ ਰੰਸਕ ਯਾਚਨਾ ਪ੍ਰਥਾਇ ਇਸ ਪ੍ਰਕਾਰ ਦੇ ਗੁਰਵਾਕ ਅਨੇਕ ਥਾਈਂ ਆਉਂਦੇ ਹਨ :—

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥

[ਸੂਹੀ ਮਹਲਾ ੫, ਪੰਨਾ ੭੪੨

ਜਿਨ੍ਹਾਂ ਨੂੰ ਚਰਨ ਕੰਵਲਾਂ ਦੀ ਪ੍ਰੀਤਿ ਮਨ ਬਚ ਕਰਮ ਕਰਕੇ ਰਿਦੰਤਰ ਲਗੀ ਹੈ, ਤਿਨ੍ਹਾਂ ਨੂੰ ਪ੍ਰਿਆ ਪ੍ਰੀਤਮ ਚਰਨ ਕੰਵਲਾਂ ਵਾਲੇ ਸੁਰਜਨ ਦਾ ਮਿਲਾਪ ਭੀ ਹੋ ਕੇ ਹੀ ਰਹਿੰਦਾ ਹੈ। ਚਰਨ ਕੰਵਲਾਂ ਦੀ ਡਾਢੀ ਪ੍ਰੀਤਿ ਸੁਰਜਨ ਪ੍ਰੀਤਮ ਦੇ ਮਿਲਣ ਦੀ ਅਤੇ ਮਿਲ ਕੇ ਮਿਲੇ ਰਹਿਣ ਦੀ ਨਿਸ਼ਾਨੀ ਹੈ :—

ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿਜਨ ਮਿਲੇ ਪਿਆਰੇ ॥
ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨॥੧੦॥੧੫॥

[ਟੋਡੀ ਮ: ੫, ਪੰਨਾ ੭੧੫

ਪ੍ਰੀਤਮ ਦੇ ਚਰਨ ਕੰਵਲਾਂ ਦਾ ਦਰਸ਼ਨ ਆਨੰਦ ਨਾਮ ਅਭਿਆਸ ਮਈ ਸਿਮਰਨ ਜਾਪ ਦੁਆਰਾ ਹੋਰ ਵਧੇਰੇ ਖਿੜਦਾ ਹੈ। ਏਸ ਜਾਪ ਸਿਮਰਨ-ਆਨੰਦੀ, ਚਰਨ ਕੰਵਲ ਦਰਸ਼ਨ-ਆਨੰਦ ਦੀ ਦਸ਼ਾ ਵਿਚ, ਆਨੰਦੀ ਜਨ ਦੇ ਸਰਬ ਸਰੀਰਕ, ਮਾਨਸਿਕ, ਅੰਤਸ਼ਕ੍ਰਣੀ ਅਤੇ ਆਤਮ ਰੋਗ ਨਿਵਿਰਤ ਹੋ ਜਾਂਦੇ ਹਨ। ਇਸੇ ਪ੍ਰਥਾਇ ਐਨ ਢੁਕਵਾਂ ਇਹ ਅਗਲੇਰਾ ਗੁਰਵਾਕ ਖ਼ੂਬ ਫਬਦਾ ਛਬਦਾ ਹੈ :—

ਹਰਿ ਜਨ ਸਿਮਰਹੁ ਹਿਰਦੈ ਰਾਮ ॥
ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ਰਹਾਉ॥
ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਬਿੰਦ ਧਾਮ ॥
ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥
ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥
ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥

[ਜੈਤਸਰੀ ਮਹਲਾ ੫, ਪੰਨਾ ੭੦੨

ਹੇ ਪਿਆਰੇ ਹਰਿ ਜਨਹੁ ! (ਗੁਰ ਨਾਨਕ ਪੰਚਮ ਸਰੂਪ ਸਾਹਿਬ ਜੀ ਆਪਣੇ ਗੁਰਸਿਖਾਂ ਨੂੰ ਅਸੀਸ,



www.AKJ.Org

ਵਰ, ਲੋਰੀਆਂ ਦਿੰਦੇ ਹਨ) ਤੁਸੀਂ ਰਮਤ ਰਾਮ ਵਾਹਿਗੁਰੂ ਦਾ ਗੁਰਮੰਤ੍ਰ ਸਿਮਰਨ, ਜਾਪ, ਹਿਰਦੇ ਅੰਦਰ ਸੁਆਸ ਅਭਿਆਸ ਬਿਲੋਵਨੜਾ ਮਧਾਣਾ ਫੇਰ ਕੇ ਕਰਹੁ। ਅਜਿਹੇ ਅਜਪਾ ਜਪੀ ਸਿਮਰਨ ਕਰਨਹਾਰੇ ਗੁਰਮਤਿ ਨਾਮ (ਗੁਰਮੰਤ੍ਰ) ਅਭਿਆਸੀ ਜਨ ਦੇ, ਕੋਈ ਅਲੱਾ, ਬਲੱਾ, ਅਪਦਾ ਬਿਪਤਾ ਨੇੜੇ ਨਹੀਂ ਆਉਂਦੀ ਅਤੇ ਅਭਿਆਸੀ ਜਨ ਨਾਮ ਕਮਾਈ ਵਾਲੇ ਅਨਿੰਨ ਸੇਵਕ ਦਾਸਰੇ ਦੇ ਸਾਰੇ ਕਾਰਜ ਨਿਰ-ਵਿਘਨ ਪੂਰੇ ਹੋ ਜਾਂਦੇ ਹਨ, ਨਾਮ ਸਿਮਰਨ ਰੂਪੀ ਸੇਵਾ ਕੋਟ ਬਿਘਨਾਂ ਦੇ ਬਿਨਾਸਨਹਾਰੀ ਹੈ ਅਤੇ ਗੋਬਿੰਦ (ਵਾਹਿਗੁਰੂ) ਦੇ ਨਿਹਚਲ ਧਾਮ ਵਿਖੇ ਵਾਸ ਨਿਵਾਸ ਕਰਾਵ੍ਨਹਾਰੀ ਹੈ। ਐਸੇ ਭਗਵੰਤ ਭਗਤ ਨੂੰ ਕਿਸੇ ਪ੍ਰਕਾਰ ਦਾ ਭੀ ਭਉ-ਭੈਜਲ ਨਹੀਂ ਵਿਆਪਦਾ ਅਤੇ ਜਮ ਦਾ ਤ੍ਰਾਸ ਵੀ ਨਹੀਂ ਪੌਂਹਦਾ, ਸਗੋਂ ਧਰਮ ਰਾਜ ਤੇ ਜਮਦੂਤ ਭੀ ਭਗਵੰਤ ਭਗਤ ਨੂੰ ਆਦਰ ਭਰੇ ਸਤਿਕਾਰ ਸਨਮਾਨ ਨਾਲਿ ਪੇਸ਼ ਆਉਂਦੇ ਹਨ। ਤਾਂ ਤੇ ਗੋਪਾਲ ਗੋਬਿੰਦ ਵਾਹਿਗੁਰੂ ਦੀ ਨਾਮ ਅਭਿਆਸ ਕਮਾਈ ਨੂੰ ਤਜ ਕੇ ਹੋਰ ਜੋ ਭੀ ਕਰਨੀ ਹੈ ਸੋ ਸਭ ਬਿਨਸਨਹਾਰੀ ਹੈ ਅਤੇ ਕਚੀ (ਖਾਮੀਆਂ ਵਾਲੀ) ਹੈ। "ਨਿਹਚਲੁ ਗੋਬਿੰਦ ਧਾਮ" ਵਾਲੀ ਪਕਿਆਈ ਏਸੇ ਵਿਚ ਹੈ ਕਿ ਨਾਮ ਸਿਮਰਨ ਅਭਿਆਸ ਦੀ ਅਥੱਕ ਅਤੇ ਅਡੋਲ ਕਮਾਈ ਦੁਆਰਾ ਵਾਹਿਗੁਰੂ ਪ੍ਰੀਤਮ ਦੇ ਪਰਮ ਪਿਆਰੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਗਹਿ ਕੇ ਫੜੀ ਸੰਭਾਲੀ ਰਖੇ, ਕਿਉਂਕਿ ਚਰਨ ਕੰਵਲਾਂ ਦੇ ਹਿਰਦੇ ਅੰਦਰ ਗਹੀ ਰਖਣ ਵਿਚ ਹੀ ਸਮੂਹ ਸੁਖਾਂ ਦਾ ਬਿਸਰਾਮ ਹੈ। ਰਸਨ ਰਟੰਨੜੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਵਿਗਾਸੀ ਬਿਸਮਾਦ ਕਲਾ ਵਾਲਾ ਨਾਮ ਹਿਰਦੇ ਅੰਦਰਿ ਜਦੋਂ ਪਰਗਾਸਦਾ ਹੈ ਤਾਂ ਇਸ ਦੀ ਪਕੜ, ਨਾਭ ਕੰਵਲ ਵਿਖੇ, ਜਕੜ ਜੂੜਿਆ ਸੁਆਦ ਅਹਿਲਾਦ ਉਤਪੰਨ ਕਰ ਦਿੰਦੀ ਹੈ। ਇਸ ਬਿਸਮਾਦ ਅਹਿਲਾਦੀ ਰਸ ਸੁਆਦ ਵਿਚ ਗੀਧੇ ਹੋਏ ਸੁਆਸ, ਅਭਿਆਸੀ ਜਨ ਦੀ ਨਾਭੀ ਅੰਦਰਿ ਹੀ ਅਟਕੇ ਰਹਿੰਦੇ ਹਨ। ਇਸ ਵਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰਖਦਾ ਹੈ ਅਤੇ ਸੁਰਤੀ ਨੂੰ ਸਹਜ ਹੀ ਗਗਨ ਦੁਆਰ (ਦੁਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ; ਨਾਮ ਦਾ ਇਸ ਰਸ-ਜੋਤਿ-ਵਿਗਾਸੀ-ਟਿਕਾਉ ਵਿਚ ਨਾਭੀ ਅੰਦਰਿ ਅਟਕੇ ਰਹਿਣਾ, ਚਰਨ ਕੰਵਲਾਂ ਦਾ ਹਿਰਦੇ ਅੰਦਰ ਗਹਿਣਾ (ਪਕੜਨਾ) ਹੈ। ਚਰਨ ਕੰਵਲਾਂ ਦਾ ਇਹ ਗਹਿਣ-ਗਹਾਉ ਦਯੜੇ ਢੋਲੇ (ਅਕਾਲ ਪੁਰਖ ਪਿਆਰੇ) ਦੇ ਸਾਖਸ਼ਾਤ ਦਰਸ਼ਨਾਂ ਦਾ ਸਚਾ ਢੋਆ ਹੈ, ਜਿਸ ਦੇ ਬਲ ਨਾਲ ਪੰਚੇ ਮਹਾਂ ਬਲੀਆਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਭੀ ਅਭਿਆਸੀ ਜਨ ਆਪਣੇ ਵਸਗਤ ਕਰ ਲੈਂਦਾ ਹੈ (ਬੰਨ੍ਹ ਲੈਂਦਾ ਹੈ)। ਇਸ ਆਤਮ ਅਵਸਥਾ ਵਿਚ ਅਰੂੜ੍ਹ ਹੋਇਆਂ ਚਰਨ ਕੰਵਲਾਂ ਦੀ ਮਉਜ ਸੁਤੇ ਸਿਧ (ਨਿਰਯਤਨ) ਹੀ ਬਣੀ ਰਹਿੰਦੀ ਹੈ। ਏਥੇ (ਏਸ ਦਸ਼ਾ ਅੰਦਰ) ਅਕਾਲ ਪੁਰਖ ਆਪਣੇ ਨਾਮ-ਰਸਾਇਣੀ ਰਸ-ਜੋਤਿ-ਵਿਸਮਾਦ ਅਹਿਲਾਦੜੇ ਚਰਨ ਆਪਣੇ ਆਪ ਹੀ ਵਿਚ ਆਪ ਖਲੋ ਕੇ ਅਭਿਆਸੀ ਜਨ ਕੋਲੋਂ ਜਪਾਉਂਦਾ ਹੈ। ਯਥਾ ਗੁਰਵਾਕ:—

ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥

[ਬਸੰਤ ਕੀ ਵਾਰ ਮ: ੫, ਪੰਨਾ ੧੧੯੩

ਏਸ ਪਦ ਪ੍ਰਾਪਤ ਹੋਏ ਚਰਨ ਕੰਵਲਾਂ ਦੀ ਓਟ ਪ੍ਰਾਇਣ ਹੀ ਸਗਲੇ ਅਭਿਆਸੀ ਜਨਾਂ ਦਾ ਸਚੜਾ ਉਧਾਰ ਹੁੰਦਾ ਹੈ। ਜੈਸੇ ਕਿ ਗੁਰਵਾਕ ਹੈ:—

ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥੧੭॥ (ਪੰਨਾ ੭੦੯)

ਜਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਧਾਰ ਹੈ, ਜੋ ਚਰਨ ਕੰਵਲਾਂ ਦੇ ਆਧਾਰ ਬਿਨਾ ਜੀਉ ਨਹੀਂ ਸਕਦੇ, ਤਿਨ੍ਹਾਂ ਦਾ ਹੀ ਸਚੜਾ ਉਧਾਰ ਹੁੰਦਾ ਹੈ। ਚਰਨ ਕੰਵਲ ਆਧਾਰੀ ਜਨਾਂ ਨੂੰ ਹੀ ਚਰਨ ਕੰਵਲਾਂ ਦੀ ਸਚੀ ਓਟ ਪ੍ਰਾਪਤ ਹੋਈ ਹੈ। ਚਰਨ ਕੰਵਲ ਆਧਾਰੀ ਜਨਾਂ ਨੂੰ ਅੰਤ੍ਰਗਤੀ ਆਧਾਰੁ ਰਸ-ਜੋਤਿ ਬੇਧਨੀ ਤਾਰ ਦੁਆਰਾ ਹਰ


www.AKJ.Org

ਦਮ ਹੀ ਬਧੀ ਰਖਦਾ ਹੈ ਅਤੇ ਚਲੂਲੇ ਮਜੀਠੀ ਆਤਮ ਰੰਗਾਂ ਵਿਚ ਹਰ ਦਮ ਰੰਗੀ ਰਖਦਾ ਹੈ।
ਯਥਾ ਗੁਰਵਾਕ:– ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥੧੧॥ (ਪੰਨਾ ੭੦੮)

ਜੋ ਜਨ ਇਸ ਬਿਧ ਚਰਨ ਕੰਵਲਾਂ ਦੇ ਰਸ ਰੰਗ ਵਿਚ ਬੇਧੇ ਗੀਧੇ ਅਤੇ ਰਚ ਰੀਧੇ ਰਹਿੰਦੇ ਹਨ, ਸੋ ਗੁਰਮੁਖ ਸਿੱਖ ਸੰਤ ਜਨ ਬਸ ਏਹਨਾਂ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ। ਓਹਨਾਂ ਨੂੰ ਚਰਨ ਕੰਵਲਾਂ ਦੇ ਰਸ ਰੰਗ ਵਿਚ ਰਹਿਣ ਤੋਂ ਬਿਨਾਂ ਹੋਰ ਕੋਈ ਰੁਚੀ ਉਪਜਦੀ ਹੀ ਨਹੀਂ। ਯਥਾ ਗੁਰਵਾਕ:—

ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥੧॥ (ਪੰਨਾ ੭੦੮)

ਓਹ ਰੈਣ ਦਿਨਸ ਏਸੇ ਇਕੋ ਰੰਗ ਵਿਚ ਰੱਤੇ ਰਹਿੰਦੇ ਹਨ ਅਤੇ ਚਰਨ ਕੰਵਲਾਂ ਦੇ ਰੰਗ ਵਿਚ ਅਹਿਨਿਸ ਰੱਤੇ ਰਹਿਣ ਕਰਕੇ ਉਹ ਅਕਾਲ ਪੁਰਖ ਵਾਹਿਗੁਰੂ ਦੇ ਸਦਾ ਹੀ ਸਨਮੁਖ ਰਹਿੰਦੇ ਹਨ ਅਤੇ ਸਦਾ ਹੀ ਪ੍ਰਭੂ ਪ੍ਰਮਾਤਮਾ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਕਰਕੇ ਪਰਤੱਖ ਲਖਦੇ ਹਨ। ਸਦਾ ਹੀ ਹਾਜ਼ਰ ਜਾਣਦੇ ਪੇਖਦੇ ਹਨ। ਤਿਨ੍ਹਾਂ ਸੰਤ-ਜਨਾਂ ਨੇ ਵਾਹਿਗੁਰੂ ਨਾਮ ਨੂੰ ਹੀ ਆਪਣਾ ਵਰਤਣ ਵਲੇਵਾ ਬਣਾ ਰਖਿਆ ਹੈ। ਨਾਮ ਹੀ ਉਹਨਾਂ ਦਾ ਆਧਾਰ ਹੈ, ਨਾਮ ਹੀ ਓਹਨਾਂ ਦਾ ਅਹਾਰ ਹੈ। ਜ਼ਾਹਰਦਾਰੀ ਵਿਚ ਓਹਨਾਂ ਦਾ ਖਾਣਾ ਪੀਣਾ ਤੇ ਵਰਤਣ ਵਿਹਾਰ, ਸੈਨ ਚੈਨ ਕੇਵਨ ਠਾਠਾ ਬਾਗਾ ਹੀ ਹੈ। ਨਾਮ-ਅਹਾਰ ਹੀ ਓਹਨਾਂ ਦਾ ਚਰਨ ਕੰਵਲ ਆਧਾਰ ਹੈ। ਚਰਨ ਕੰਵਲਾਂ ਦੇ ਦਿਬ ਜੋਤਿ ਦਰਸ਼ਨੀ ਦੀਦਾਰ ਕਰਿ ਕਰਿ ਹੀ ਓਹ ਤ੍ਰਿਪਤ ਅਘਾਇ ਰਹਿੰਦੇ ਹਨ। ਵਾਹਿਗੁਰੂ ਕਰਤਾਰ ਦੇ ਚਰਨ ਕੰਵਲਾਂ ਦੇ ਦੀਦਾਰ ਵਿਚ ਚੁਭੀ ਮਾਰ ਕੇ ਓਹ ਵਾਹਿਗੁਰੂ ਅਕਾਲ ਪੁਰਖ ਦਾ ਸਾਖਸ਼ਾਤ ਦਰਸ ਦੀਦਾਰ ਪੇਖਦੇ ਹਨ ਅਤੇ ਪੇਖਿ ਪੇਖਿ ਤ੍ਰਿਪਤਾਸ ਹੁੰਦੇ ਹਨ। ਇਸ ਬਿਧ ਹਰਿ ਦਰਸ਼ਨ ਰੰਗਾਂ ਵਿਚ ਰਤ ਕੇ ਓਹਨਾਂ ਦਾ ਮਨ ਤਨ ਭੀ ਹਰਿਆ ਹੋ ਜਾਂਦਾ ਹੈ ਅਤੇ ਰਸ-ਦੀਦਾਰ-ਰੰਗਾਂ ਵਿਚ ਹਰੇ ਭਰੇ ਹੋ ਕੇ ਉਹਨਾਂ ਦੇ ਰਗੋ ਰੇਸ਼ੇ ਵਿਚ ਕਰਤਾਰ ਦੀ ਧੰਨਤਾ ਦਾ ਆਵਾਜ਼ਾ ਹੋਰ ਭੀ ਉਚਾ ਬਲੰਦ ਹੁੰਦਾ ਹੈ। ਧੰਨ ਗੁਰੂ, ਧੰਨ ਧੰਨ ਗੁਰੂ ਕਰਤਾਰ ਦੀ ਵਾਹ-ਵਿਸਮਾਦੀ-ਟੇਰ ਪੁਕਾਰ ਸਹਜ ਸੁਭਾਵ ਹੀ ਰਸ ਵਿਗਾਸੇ ਰੰਗਾਂ ਵਿਚ ਸੁਆਸ ਸੁਆਸ ਉਚਾਰਨ ਹੁੰਦੀ ਹੈ। ਇਸ ਬਿਧ ਹਿਰਦੇ ਵੁਠੜੇ ਚਰਨ ਕੰਵਲਾਂ ਦੀ ਮਉਜ ਓਹਨਾਂ ਦਾ ਤੱਤ-ਆਤਮ-ਆਧਾਰ ਬਣ ਜਾਂਦੀ ਹੈ। ਇਸ ਚਰਨ ਕੰਵਲਾਰੀ ਆਤਮ-ਆਧਾਰੀ ਮਉਜ ਵਿਚ ਉਹ ਇਕੋ ਇਕ, ਕੇਵਲ ਇਕੈ ਕਰਤਾਰ ਨੂੰ ਜਤ ਕਤ ਅਤੇ ਸਰਬਤਰ ਰਮਿਆ ਨਿਹਾਰਦੇ ਹਨ ਅਤੇ ਇਕੈ ਦੇ ਹੁਕਮੀ ਬੰਦੇ ਆਗਿਆਕਾਰ ਬਣੇ ਰਹਿੰਦੇ ਹਨ। ਸਿਫਤਿ ਸਾਲਾਹਣ ਰੂਪੀ ਹੁਕਮ ਰਜ਼ਾ ਵਿਚ ਹੀ ਸਦਾ ਤੱਤਪਰ ਰਹਿੰਦੇ ਹਨ। ਬਸ, ਓਹ ਸਿਫਤਿ ਸਾਲਾਹ ਰੂਪੀ ਇਕੈ ਵਣਜ ਵਾਪਾਰ ਦੇ ਬਿਉਹਾਰੀ ਬਣੇ ਰਹਿੰਦੇ ਹਨ ਅਤੇ ਨਿਰੰਕਾਰੀ ਨਾਮ ਤੋਂ ਬਿਨਾਂ ਹੋਰ ਕੋਈ ਬਿਉਹਾਰ ਵਣਜ ਵਾਪਾਰ ਨਹੀਂ ਜਾਣਦੇ, ਸਿਆਣਦੇ। ਏਹਨਾਂ ਨਿਰੰਕਾਰੀ ਨਾਮ ਆਧਾਰੀ ਰੰਗਾਂ ਦੀ ਆਤਮ ਅਉਜੀ ਮਉਜ ਵਿਚ ਉਹ ਹਰਖ ਸੋਗ ਦੋਹਾਂ ਤੋਂ ਅਲਪ ਰਹਿੰਦੇ ਹਨ। ਇਸ ਬਿਧ ਸਚਾ ਰਾਜ ਜੋਗ ਅਤੇ ਸਚੀ ਜੋਗ ਜੁਗਤਿ ਉਹਨਾਂ ਨੂੰ ਸਹਜੇ ਅਤੇ ਸਹਿਲੀ ਹੀ ਪ੍ਰਾਪਤ ਹੋਈ ਰਹਿੰਦੀ ਹੈ। ਓਹ ਦਿਸਣ ਮਾਤਰ ਵਿਚ ਤਾਂ ਸੰਸਾਰ, ਕੁਟੰਬ, ਪਰਵਾਰ, ਸਾਰਿਆਂ ਵਿਚ ਹੀ ਰਲੇ ਮਿਲੇ ਰਹਿੰਦੇ ਹਨ, ਪਰ ਓਹਨਾਂ ਵਿਚ ਖੱਚਤ ਨਹੀਂ ਹੁੰਦੇ, ਅਤੇ ਸਭ ਤੋਂ ਨਿਰਾਲੇ ਹੀ ਬਿਰਤ ਬਿਬੇਕ ਵਰਤਾਉ ਰਖਦੇ ਹਨ। ਮਾਇਆ ਮਮਤਾ ਦੀ ਲੇਪ ਤੋਂ ਨਿਰਾਲਮ ਰਹਿੰਦੇ ਹਨ ਅਤੇ ਸ਼ਬਦ-ਸੁਰਤੇ ਹੁੰਦੇ ਹੋਏ ਸਦਾ ਹੀ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਦਾ ਧਿਆਨ ਧਰੀ ਰਖਦੇ ਹਨ, ਐਸੇ ਨਾਮ ਅਭਿਆਸੀ ਜਨਾਂ ਗੁਰਮੁਖ ਸਿਖ ਸੰਤਾਂ ਦੀ ਮਹਿਮਾ ਅਪਰ ਅਪਾਰ ਹੈ। ਕਿਹੜੀ ਕਿਹੜੀ ਉਪਮਾ ਉਨ੍ਹਾਂ ਦੀ ਕੀਤੀ ਜਾਵੇ। ਬੜੀ ਹੀ ਅਗਾਧ ਬੋਧ ਮਹਿਮਾ ਹੈ, ਨਾਮ ਰਸੀਏ ਸੰਤ ਜਨਾਂ ਦੀ। ਜਿਸ ਦੀ ਮਿਤ ਕੀਮਤ ਨਹੀਂ ਪਾਈ ਜਾ ਸਕਦੀ, ਪਾਰਬ੍ਰਹਮ ਦੀ ਪਰਮ ਕਿਰਪਾ ਹੋਵੇ ਤਾਂ ਅਜਿਹੇ ਨਾਮ ਨਾਮੀ ਅਭੇਦ ਸੰਤ ਜਨਾਂ ਦੀ ਧੂੜੀ ਪ੍ਰਾਪਤ ਹੋਵੇ। ਪਿਛਲੇ ਸਾਰੇ ਸਿਧਾਂਤ ਦੀ ਪ੍ਰੋੜ੍ਹਤਾ ਇੰਨ ਬਿੰਨ ਇਹ ਹੇਠ ਲਿਖਿਆ ਗੁਰਵਾਕ ਕਿਆ ਭਲੀ ਭਾਂਤ



www.AKJ.Org

ਕਰਦਾ ਹੈ :–

ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥
ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥
ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥੧॥ਰਹਾਉ॥
ਚਰਣ ਕਮਲ ਆਤਮ ਆਧਾਰ ॥ ਏਕ ਨਿਹਾਰਹਿ ਆਗਿਆਕਾਰ ॥
ਏਕੋ ਬਨਜ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥
ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਤਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥
ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥

[ਗਉੜੀ ਮਹਲਾ ੫ ਗੁਆਰੇਰੀ, ਪੰਨਾ ੧੮੧

ਚਰਨ ਕੰਵਲ ਦੀ ਮਉਜ ਵਾਲੇ ਸੰਤ ਜਨਾਂ ਗੁਰਮੁਖਾਂ ਪਿਆਰਿਆਂ ਦੀ ਰਹਿਤ ਰਹਿਣੀ, ਬਿਬੇਕ ਕਰਨੀ ਅਗਲੇਰੇ ਗੁਰਵਾਕ ਵਿਖੇ ਇਸ ਬਿਧ ਵਰਣਨ ਹੈ :–

ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਬਿੰਦੁ ਲੈ ਨਾਲਿ ॥੧॥
ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ਰਹਾਉ॥
ਗੁਰਪਰਸਾਦੀ ਸਾਗਰੁ ਤਰਿਆ॥ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥
ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥
ਚਰਣ ਕਮਲ ਹਿਰਦੈ ਮਹਿ ਜਾਪੁ ॥ ਨਾਨਕ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥

[ਗਉੜੀ ਮਹਲਾ ੫, ਪੰਨਾ ੧੯੭

ਚਰਨ ਕਮਲ ਮਉਜਾਰੀ ਗੁਰਮੁਖ ਸੰਤ ਜਨ ਚਰਨ ਕੰਵਲਾਂ ਦੇ ਮਉਜ-ਰੰਗਾਂ ਵਿਚ ਰੰਗੀਜ ਕੇ ਚਰਨ ਕੰਵਲਾਂ ਦੀ ਜਪ-ਉਪਾਸ਼ਨਾ ਸਗੋਂ ਹੋਰ ਵਧੇਰੇ ਤਤਪਰ ਹੋ ਕੇ ਕਰਦੇ ਹਨ, ਕਾਜ ਕਾਮ ਵਿਖੇ, ਵਾਟਿ ਘਾਟਿ ਬਾਹਰ ਵਿਚਰਦੇ ਹੋਏ ਭੀ ਗੋਬਿੰਦ ਨਾਮ ਰੂਪੀ ਰਸ-ਜੋਤਿ-ਕਿਰਣੀ-ਗੋਬਿੰਦ-ਚਰਨਾਂ ਨੂੰ ਆਪਣੇ ਅੰਦਰਿ ਸੰਮ੍ਹਾਲ ਕੇ ਰਖਦੇ ਹਨ। ਬਾਹਰੋਂ ਧੰਦਿਆਂ ਤੋਂ ਫ਼ਾਰਗ ਹੋ ਕੇ ਜਦੋਂ ਘਰਿ ਆਉਂਦੇ ਹਨ, ਓਦੋਂ ਭੀ ਗੋਬਿੰਦ ਨਾਮ ਪ੍ਰਤਿਬਿੰਬਤੀ ਚਰਨਾਂ ਨੂੰ ਹਿਰਦੇ ਵਿਚਿ ਸਮ੍ਹਾਲੀ ਹੀ ਨਾਲ ਲੈ ਕੇ ਆਉਂਦੇ ਹਨ, ਕਿਉਂਕਿ ਵਾਹਿਗੁਰੂ ਨਾਮ ਦਾ ਜਾਪ ਹਰ ਦਮ ਸੰਤ ਜਨਾਂ ਦੇ ਸੁਆਸ ਸੁਆਸ ਅਤੇ ਰੋਮ ਰੋਮ ਵਿਚ ਰਚਿਆ ਰਹਿੰਦਾ ਹੈ ਅਤੇ ਉਹਨਾਂ ਦਾ ਮਨੁ ਤਨੁ ਖਿਨ ਖਿਨ ਰਾਮ-ਰੰਗਾਂ ਵਿਚ ਹੀ ਰੱਤਿਆ ਰਹਿੰਦਾ ਹੈ। ਇਹ ਓਹਨਾਂ ਉਤੇ ਗੁਰੂ ਦੀ ਅਪਾਰ ਕਿਰਪਾ ਹੈ ਕਿ ਖਿਨ ਮਾਤਰ ਭੀ ਨਾਮ ਓਹਨਾਂ ਨੂੰ ਨਹੀਂ ਵਿਸਰਦਾ, ਸੋ ਗੁਰੂ ਦੇ ਪ੍ਰਸਾਦਿ ਕਰਕੇ ਓਹ ਭਵ-ਸਾਗਰ ਤੋਂ ਸੁਖੈਨ ਹੀ ਪਾਰ ਉਤਰ ਜਾਂਦੇ ਹਨ ਅਤੇ ਓਹਨਾਂ ਦੇ ਜਨਮ ਜਨਮਾਂਤਰਾਂ ਦੇ ਕਿਲਵਿਖ ਪਾਪ ਰੋਗ ਸਭਿ ਦੂਰ ਹੋ ਜਾਂਦੇ ਹਨ। ਭਗਵੰਤ ਦੇ ਨਾਮ ਦੀ (ਸੁਰਤਿ-ਸ਼ਬਦ ਦੀ) ਸੋਭਾ ਅੱਤ ਨੀਕੀ ਹੈ, ਅਤੇ ਪੂਰੇ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਏ ਗੁਰਮੰਤਰ ਦੀ ਅਮਿਤ ਵਡਿਆਈ ਹੈ। ਚਰਨ ਕੰਵਲ ਮਉਜਾਰੀ ਸੰਤ ਜਨਾਂ ਦਾ ਚਰਨ ਕੰਵਲਾਂ ਦੇ ਰੰਗਾਂ ਵਾਲਾ ਵਿਰਦ ਜਾਪ ਇਸ ਬਿਧਿ ਸਦ ਸਦਾ ਹੀ ਬਣਿਆ ਰਹਿੰਦਾ ਹੈ। ਓਹ ਹਿਰਦੇ ਵਿਖੇ ਚਰਨ ਕੰਵਲਾਂ ਦੇ ਰੰਗਾਂ ਨੂੰ ਗਾਂਵਦੇ ਹੋਏ ਚਰਨ ਕੰਵਲਾਂ ਦੀ ਸੋਭਾ ਨੂੰ ਪੇਖਿ ਪੇਖਿ ਵਿਗਸਾਉਂਦੇ ਬਿਸਮਾਉਂਦੇ ਹਨ, ਅਤੇ ਵਿਗਾਸ ਵਿਗਾਸਨੀ, ਆਤਮ-ਰਹਸਨੀ, ਬਿਸਮ ਸਰਸਨੀ, ਅਵਸਥਾ ਵਿਚ ਅਨੰਦ, ਬਿਨੋਦ, ਕੇਲ ਕਰਦੇ ਹੋਏ ਭੀ ਰਿਦ-ਰਮਨੜੇ ਸਦ ਜੀਵਨ-ਜੁਗਤ-ਪਰਤਾਪੀ ਚਰਨ



www.AKJ.Org

ਕੰਵਲਾਂ ਦਾ ਵਿਰਦ ਜਾਪ ਕਰਦੇ ਹੀ ਰਹਿੰਦੇ ਹਨ, ਰੁਕਦੇ ਥੰਮਦੇ ਨਹੀਂ। ਇਹ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਹਿਰਦੇ ਵਿਚ ਧਾਰਨਾ ਹੈ। ਸੋ ਚਰਨ ਕੰਵਲਾਂ ਦੀ ਮਉਜ ਮਾਨਣਹਾਰੇ ਗੁਰਮੁਖਿ ਪਿਆਰੇ ਇਸ ਬਿਧਿ ਸਦਾ ਹੀ ਪ੍ਰਭੂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਖੇ ਧਾਰੀ ਰਖਦੇ ਹਨ। ਇਹ ਪੂਰਨ ਬਿਧੀ ਪੂਰੇ ਸਤਿਗੁਰੂ ਦੇ ਦੁਆਰਿਓਂ ਪ੍ਰਾਪਤ ਹੁੰਦੀ ਹੈ, ਜੋ ਧਾਰਨ ਕਰਨ ਵਾਲਿਆਂ ਦਾ ਪੂਰਨ ਨਿਸਤਾਰਾ ਕਰ ਦਿੰਦੀ ਹੈ। ਯਥਾ ਗੁਰਵਾਕ:– ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥੬੯॥

[ਗਉੜੀ ਮਹਲਾ ੫, ਪੰਨਾ ੧੯੩

ਇਹ ਚਰਨ ਕੰਵਲਾਂ ਨੂੰ ਉਰਿਧਾਰਨ ਦੀ ਪ੍ਰੀਤਿ-ਰੀਤਿ ਕੇਵਲ ਗੁਰਮੁਖਿ ਸੰਤ ਜਨਾਂ ਦੇ ਮਨਾਂ ਵਿਚ ਹੀ ਪ੍ਰੁੜੀ ਹੋਈ ਹੁੰਦੀ ਹੈ। ਉਨ੍ਹਾਂ ਨੂੰ ਇਸ ਚਰਨ ਕੰਵਲ ਦੀ ਪ੍ਰੀਤਿ-ਰੀਤਿ ਬਾਝੋਂ ਹੋਰ ਦੁਤੀਆ ਭਾਵ ਦੀ ਬਿਪ੍ਰੀਤ ਅਨੀਤ ਭਾਉਂਦੀ ਹੀ ਨਹੀਂ। ਯਥਾ ਗੁਰਵਾਕ:–

ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥
ਦੁਤੀਆ ਭਾਉ ਬਿਪਰੀਤਿ ਅਨੀਤ ਦਾਸਾ ਨਹ ਭਾਵਏ ਜੀਉ ॥
ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥
ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥੧॥

[ਛੰਤ ਸਿਰੀ ਰਾਗ ਮਹਲਾ ੫, ਪੰਨਾ ੮੦

ਇਸ ਗੁਰਵਾਕ ਅਨੁਸਾਰ ਚਰਨ ਕੰਵਲ ਦੇ ਭਉਰਿਆਂ ਨੂੰ, ਬਿਨਾਂ ਚਰਨ ਕੰਵਲ ਦੇ ਦਰਸ਼ਨਾਂ ਦੇ ਹੋਰ ਕੁਛ ਭਾਉਂਦਾ ਹੀ ਨਹੀਂ, । ਓਹਨਾਂ ਨੂੰ ਏਹਨਾਂ ਦਰਸ਼ਨਾਂ ਬਿਨਾਂ ਇਕ ਖਿਨ ਭੀ ਧੀਰਜ ਨਹੀਂ ਆਉਂਦੀ। ਧੀਰਜ ਆਵੇ ਤਾਂ ਕਿਵੇਂ ਆਵੇ ? ਤਾਂਹੀ ਤੇ ਉਹ ਚਰਨ-ਕੰਵਲ-ਦਰਸ-ਪਰਤਾਪੀ-ਨਾਮ ਦੇ ਜਾਪ ਵਿਚ ਖਿਨ ਖਿਨ ਜੁਟੇ ਰਹਿੰਦੇ ਹਨ, ਜਿਸ ਤੋਂ ਬਿਹੂਨ ਇਕ ਛਿਨ ਵਿਚ ਹੀ ਓਹਨਾਂ ਦਾ ਤਨ, ਮਨ ਪ੍ਰਾਣ ਹੀਣਾ ਖੀਣਾ ਹੋ ਜਾਂਦਾ ਹੈ, ਜਿਵੇਂ ਕਿ ਜਲ ਬਿਹੂਨ ਮਛਲੀ ਦਾ ਮਰਨਾ ਹੁੰਦਾ ਹੈ, ਤਾਂ ਹੀ ਤਾਂ ਚਰਨ ਕੰਵਲ ਦੇ ਮਉਜੀ ਸੰਤ ਜਨ ਹਰ ਦਮ ਇਹੋ ਲੋਚਦੇ ਰਹਿੰਦੇ ਹਨ ਕਿ ਆਦਿ ਅੰਤ ਸਦ-ਸਦਾ ਚਰਨ ਕੰਵਲਾਂ ਦੀ ਮਉਜ ਹੀ ਮਾਣਦੇ ਰਹੀਏ। ਯਥਾ ਗੁਰਵਾਕ:–

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥

[ਸਲੋਕ ਕਬੀਰ ਜੀ, ਪੰਨਾ ੧੩੭੦

ਪੁਨਾ–ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥੧॥

[ਦੇਵ ਗੰਧਾਰੀ ੫, ਪੰਨਾ ੫੩੪

ਇਸ ਮਉਜ ਦਾ, ਚਰਨ ਕੰਵਲ ਦੀ ਮਉਜ ਦਾ ਅਨੁਮਾਨ ਕੋਈ ਕੀ ਲਾ ਸਕਦਾ ਹੈ ? ਕਥਨ ਕਹਿਣ ਤੋਂ ਅਗੋਚਰੀ ਹੈ, ਸੋਭਾ ਚਰਨ ਕੰਵਲ ਕੀ ਮਉਜ ਦੀ। ਜਿਸ ਪ੍ਰਥਾਇ ਇਹ ਗੁਰਵਾਕ ਹੈ :–

ਕਬੀਰ ਚਰਨ ਕਮਲ ਕੀ ਮਉਜ਼ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

'ਕਹਿਬੇ ਕਉ ਸੋਭਾ' ਇਸ ਕਰਕੇ ਨਹੀਂ, ਕਿ ਸੋਭਾ ਕਹੀ ਹੀ ਨਹੀਂ ਜਾ ਸਕਦੀ ਹੈ, ਬਲਕਿ ਇਸ ਕਰਕੇ ਕਿ ਕਥਨ ਦੀ ਪ੍ਰੋਖੋਂ ਹੀ ਨਹੀਂ। ਚਰਨ ਕੰਵਲ ਦੀ ਮਉਜ ਆਨੰਦੀ ਸੋਭਾ ਕੇਵਲ ਲਖੀ ਪੇਖੀ ਹੀ ਪਰਵਾਨ ਹੈ। ਕਥੀ ਵਰਨੀ ਨਹੀਂ ਜਾ ਸਕਦੀ। ਜੇ ਕੋਈ ਕਹੇ ਤਾਂ ਭਲਾ ਕੀ ਅਨੁਮਾਨ ਸਦਰਸਤਾ ਦੇ ਕੇ ਕਹੇ ਵਰਨੇ ? ਇਸ ਸੋਭਾ ਦੇ ਸਦਰਸ ਸੋਭਾ ਹੋਰ ਜੋ ਕੋਈ ਨਾ ਹੋਈ ! ਅੱਖੀਆਂ ਦੇ ਵਿਸ਼ੇ ਵਾਲੀ ਸੋਭਾ ਸੁੰਦਰਤਾ, ਉਚੀ ਤੋਂ ਉਚੀ ਸੋਭਾ ਸੁੰਦਰਤਾ ਇਸ ਅਲੌਕਿਕ ਸੋਭਾ ਸੁੰਦਰਤਾ ਨੂੰ ਰਾਈ ਸਮਾਨ ਭੀ ਨਹੀਂ ਪੁਜ



www.AKJ.Org

ਸਕਦੀ। ਤ੍ਰੈਗੁਣੀ ਗੁਣਾਂ ਦੀ ਕੋਈ ਭੀ ਸੋਭਾ ਸੁੰਦਰਤਾ, ਇਸ ਸੋਭਾ ਸੁੰਦਰਤਾ ਦੇ ਲਵੇ ਨਹੀਂ ਲਗ ਸਕਦੀ। ਚਰਨ ਕੰਵਲ ਮੋਜਜ਼ਾਨੀ ਸੋਭਾ ਨੂੰ ਮਾਨਣਹਾਰਾ, ਚਰਨ ਕੰਵਲਾਂ ਦੀ ਸੁੰਦਰਤਾ ਨੂੰ ਪੇਖ ਕੇ ਬਸ ਵਾਹੁ ਵਾਹੁ ਕਹਿੰਦਾ ਹੀ ਬਿਸਮਾਦ ਹੋ ਜਾਵੇਗਾ, ਚਰਨ ਕੰਵਲ ਕੀ ਮਉਜ ਦਾ ਆਨੰਦ ਰਸ ਮਾਣਦਾ ਹੋਇਆ ਉਹ ਗੂੰਦਾ ਅਤੇ ਗੂੰਗਾ ਹੋ ਜਾਇਗਾ। ਸਿਵਾਏ 'ਆਹ ! ਹਾ' ਆਖਣ ਦੇ, ਯਾ 'ਵਾਹ' ਵਿਸਮਾਦੀ ਅੱਖਰ ਭਾਖਣ ਦੇ ਓਹ ਹੋਰ ਕੋਈ ਭੀ ਕਥਨੀ ਬਦਨੀ ਕਰਨੋਂ ਅਸਮਰਥ ਰਹੇਗਾ, ਏਥੇ ਨਾ ਕੋਈ ਉਦਾਹਰਨ ਦਿਤਾ ਜਾ ਸਕਦਾ ਹੈ, ਨਾ ਕੋਈ ਅਲੰਕਾਰ ਬੰਨ੍ਹਿਆ ਜਾ ਸਕਦਾ ਹੈ। ਪੇਖਣ ਪਰਖਣਹਾਰੇ ਤੋਂ ਭੀ ਨਹੀਂ ਬੰਨ੍ਹਿਆ ਜਾ ਸਕਦਾ, ਤਾਂ ਅਨੁਮਾਨ ਲਾਉਣ ਵਾਲਿਆਂ ਤੋਂ ਕੀ ਕਥਿਆ ਵਰਨਿਆ ਜਾ ਸਕਦਾ ਹੈ। ਬਸ, ਇਹ ਤਾਂ ਪੇਖਾ ਹੀ ਪਰਵਾਣ ਹੈ।

[ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

## ਸੋਹਣੇ ਦਸਮੇਸ਼ ! ਪੜ੍ਹ ਪੜ੍ਹ ਇਤਿਹਾਸ ਤੇਰਾ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ]

ਸੋਹਣੇ ਦਸਮੇਸ਼ ਪੜ੍ਹ ਪੜ੍ਹ ਇਤਿਹਾਸ ਤੇਰਾ, ਉਮਡਦੇ ਨੇ ਦਿਲੀ ਜਜ਼ਬਾਤ ਕਲਮ ਨੱਚਦੀ।
ਲਖਾਂ ਵਲੀ ਪੀਰ ਆਏ ਜੱਗ ਤੇ ਜੁਝਾਰ ਜੋਧੇ, ਕੋਈ ਵੀ ਮਿਸਾਲ ਨ ਦਲੀਲ ਨੂੰ ਹੈ ਜੱਚਦੀ।
ਪੁਰਖ ਤੂੰ ਮਹਾਨ, ਤੇਰੀ ਆਸ਼ਾ ਬਲਵਾਨ, ਤੇਰੇ ਹੱਥ ਕਿਰਪਾਨ ਸੀ, ਨਹੀਂ ਸੀ ਵੰਗ ਕੱਚ ਦੀ।
ਮੁਗਲ ਸਮਰਾਟ ਬਾਈਧਾਰ ਦੇ ਮੁਕਾਬਲੇ ਤੇ, ਕਿਵੇਂ ਖੜਾ ਹੋ ਗਇਓਂ ਤੂੰ ਲੈ ਕੇ ਓਟ ਸੱਚ ਦੀ।੧।
ਮੁਗਲਾਂ ਪਠਾਣਾਂ ਦੀਆਂ ਬੈਠਕਾਂ 'ਚ ਚਲਦੀਆਂ ਸੀ, ਦਿਨੇ ਰਾਤ ਤੇਰੇ ਬਾਹੂ-ਬਲ ਦੀਆਂ ਕਹਾਣੀਆਂ।
ਜੰਮੇ ਹੋਏ ਖ਼ੂਨ ਬੋਲਾਂ ਤੇਰਿਆਂ ਨੇ ਗਰਮ ਕੀਤੇ, ਤੇਗਾਂ ਸੀ ਫੜਾਈਆਂ ਹੱਥੀਂ ਬ੍ਰਾਵਿਆਂ ਤੇ ਬਾਣੀਆਂ।
ਭਰ ਰਿਹਾ ਏ ਸਾਖ ਤੇਰੇ ਦਲ ਦੀਆਂ ਦਲੇਰੀਆਂ ਦੀ,ਚੜ੍ਹਤਲਾਂ ਜੋ ਵੇਖੀਆਂ ਸੀ ਸਤਲੁਜ ਦਿਆਂ ਪਾਣੀਆਂ।
ਰੂਪ ਤੇਰਾ ਵੇਖ ਵੇਖ ਵਾਰੇ ਵਾਰੇ ਜਾਂਦੀਆਂ ਸੀ, ਜੋਬਨ ਦੀਆਂ ਮੱਤੀਆਂ ਤੇ ਰੂਪ ਦੀਆਂ ਰਾਣੀਆਂ।੨।
ਜਨਮ ਜਨਮਾਂਤਰਾਂ ਦੇ ਪੈਂਡਿਆਂ ਨੂੰ ਝਾਗ ਕੇ ਜੋ, ਆਏ ਦਰਬਾਰ ਤੇਰੇ ਤਾਲਬ ਦੀਦਾਰ ਦੇ।
ਵੇਖ ਕੇ ਜਮਾਲ ਤੇ ਜਲਾਲ ਕੁਰਬਾਨ ਹੋਏ, ਚੁੱਕ ਚੁੱਕ ਅੱਖੀਆਂ ਉਤਾਂਹ ਸੀਨੇ ਠਾਰਦੇ।
ਨੈਣਾਂ ਦੇ ਅਮੋਘ ਬਾਣ ਲਗੇ ਜਿਨ੍ਹਾਂ ਸੀਨਿਆਂ 'ਚ, ਬਣ ਗਏ ਸਦਾ ਲਈ ਸੇਵਕ ਦਰਬਾਰ ਦੇ।
'ਨੰਦ ਲਾਲ ਸਿੰਘ' ਵਰਗਿਆਂ ਨੂੰ ਜਿਹਾ ਸਰਸ਼ਾਰ ਕੀਤਾ,ਉਮਡ ਆਏ ਸੀਨਿਆਂ 'ਚ ਸਾਗਰ ਪਿਆਰ ਦੇ।੩।
ਦਿਲਾਂ ਦੀਆਂ ਜਾਣਦਾ ਸੈਂ, ਪੀੜਾਂ ਪਹਿਚਾਣਦਾ ਸੈਂ, ਨਾਮ-ਦਾਰੂ ਦੇਣ ਵਾਲਾ ਵੱਡਾ ਸੈਂ ਤਬੀਬ ਤੂੰ।
ਪਾੜ ਕੇ ਬੇਦਾਵਿਆਂ ਨੂੰ ਗਲ ਲਾਏਂ ਵਿਛੜਿਆਂ ਨੂੰ, ਦਰਦੀ ਦਿਲਾਂ ਦਾ ਤੇ ਹਿਤੈਸ਼ੀ ਸੈਂ ਹਬੀਬ ਤੂੰ।
ਕੀਤਾ ਸੁਰਜੀਤ ਸੁਰਤਾਂ ਸੁਤੀਆਂ ਨੂੰ ਛੱਟੇ ਮਾਰ, ਸੁੱਤੇ ਸੀ ਜਗਾਏ ਜਨਮ ਜਨਮ ਦੇ ਨਸੀਬ ਤੂੰ।
ਤੇਰੇ ਦਰ ਹੋਏ ਪਰਵਾਨ ਪਰਧਾਨ ਬਣੇ 'ਮਿੱਤਰ' ਜੋ ਉਠਾ ਕੇ ਅੰਗ ਲਾਏ ਸੀ ਗਰੀਬ ਤੂੰ।੪।

## ਪਿਆਰੇ ਸਜਣਾਂ ਦਾ ਵਿਛੋੜਾ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਾਮਾਦ ਸ: ਮਹਿੰਦਰ ਸਿੰਘ ਜੀ ਰੀਟਾਇਰ ਤਸੀਲਦਾਰ 28-8-81 ਨੂੰ ਸਵੇਰੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਨਮਿਤ ਪਾਠ ਦਾ ਭੋਗ 6-9-81 ਨੂੰ ਡੇਰਾ ਬਸੀ ਵਿਖੇ ਪਿਆ। ਸਰਦਾਰ ਸਾਹਿਬ ਬੜੇ ਸੱਚੇ ਸੁੱਚੇ ਤੇ ਭੈ-ਭਾਵਨੀ ਜੀਵਨ ਵਾਲੇ ਗੁਰਸਿਖ ਸਨ। ਸਤਿਗੁਰੂ ਜੀ ਪਾਸ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਭਾਈ ਸਾਹਿਬ ਜੀ ਦੀ ਪਿਆਰੀ ਬੱਚੀ, ਬੀਬੀ ਦਲੇਰ ਕੌਰ ਤੇ ਬੀਬੀ ਜੀ ਦੇ ਸਪੁੱਤਰ ਡਾਕਟਰ ਹਰਿੰਦਰ ਸਿੰਘ ਜੀ ਨੂੰ ਆਪਣੀ ਰਜ਼ਾ ਵਿਚ ਚੜ੍ਹਦੀਆਂ ਕਲਾਂ ਬਖਸ਼ਣ।



www.AKJ.Org

# ਸੁੰਦਰਤਾ ਦੇ ਵਿਖਾਵੇ, ਵਿਦਿਅਕ ਅਦਾਰੇ ਤੇ ਗੁਰਮਤਿ

[ਸ: ਬਲਵਿੰਦਰ ਪਾਲ ਸਿੰਘ ਜੀ, ਸੰਪਾਦਕ "ਸਾਡਾ ਵਿਰਸਾ—ਸਾਡਾ ਗੌਰਵ", ਲੁਧਿਆਣਾ]

ਗੁਰਬਾਣੀ ਵਿਚ ਕੁਲੱਖਣੀ, ਸੁਲੱਖਣੀ, ਸੁਹਾਗਣ, ਦੁਹਾਗਣ ਨੂੰ ਰੂਪਮਾਨ ਕੀਤਾ ਹੈ—

"ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥" [ਸਲੋਕ ਮ: ੩, ਪੰਨਾ ੮੯

"ਜਾਇ ਪੁਛਹੁ ਸੁਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥"...॥੩॥

ਅਤੇ— "ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥"...॥੪॥ (੭੨੨)

ਇਹੋ ਕਾਰਨ ਹੈ ਕਿ ਸਾਡਾ ਸੁਨਹਿਰੀ ਇਤਿਹਾਸ ਤੇ ਸਾਡੀ ਸੰਪੂਰਨ ਅਰਦਾਸ ਉਨ੍ਹਾਂ ਮਹਾਨ ਸੁਹਾਗਣਾਂ ਤੇ ਸੁਲੱਖਣੀਆਂ ਦੀਆਂ ਗਾਥਾਵਾਂ ਸਾਨੂੰ ਰੋਜ਼ ਸੁਣਾਉਂਦੀ ਹੈ, ਜਿਨ੍ਹਾਂ ਕਿਸੇ ਵੀਰੇ ਦੀ ਭੈਣ ਹੁੰਦਿਆਂ,ਕਿਸੇ ਪਤੀ ਦੀ ਪਤਨੀ ਹੁੰਦਿਆਂ, ਕਿਸੇ ਸੰਤ ਸਿਪਾਹੀ, ਸੰਤ ਭਗਤ ਦੀ ਮਾਂ ਹੁੰਦਿਆਂ, ਸਮਾਜ, ਪੰਥ, ਦੇਸ਼, ਸਗੋਂ ਸਗਲੀ ਲੁਕਾਈ ਦੇ ਭਲੇ ਦੀਆਂ ਉਹ ਖੇਡਾਂ ਖੇਡੀਆਂ, ਜੋ ਸਦਾ ਸਾਡੇ ਲਈ ਰੋਸ਼ਨੀ ਦੇ ਮੁਨਾਰ ਦਾ ਕੰਮ ਕਰਦੀਆਂ ਰਹਿਣਗੀਆਂ।

ਪਰ ਕੀ ਅਸੀਂ ਇਹ ਗਾਥਾਵਾਂ ਅੱਜ ਦੇ ਕਾਲਜਾਂ ਵਿਚ ਪੜ੍ਹ ਰਹੀਆਂ ਵਿਦਿਆਰਥਣਾਂ ਤੱਕ ਪਹੁੰਚਾਣ ਦਾ ਕੋਈ ਉਪਰਾਲਾ ਕਰ ਰਹੇ ਹਾਂ ? ਕੀ ਅਸੀਂ ਉਨ੍ਹਾਂ ਸੂਰਬੀਰ ਬੀਬੀਆਂ ਦੀਆਂ ਸਾਖੀਆਂ ਪੜ੍ਹਾਉਣ ਜਾਂ ਸੁਨਾਉਣ ਦੇ ਅਵਸਰ ਦਿੰਦੇ ਹਾਂ ਜਿਨ੍ਹਾਂ ਗੁਰਮਤਿ ਸੰਦੇਸ਼ ਲੋਕਾਈ ਤੱਕ ਪਹੁੰਚਾਣ ਲਈ ਉਪਰਾਲੇ ਕੀਤੇ, ਸੰਗਤ ਤੇ ਪੰਗਤ ਰਾਹੀਂ ਲੋਕ ਸੇਵਾ ਕੀਤੀ, ਮਾਈ ਭਾਗੋ ਵਾਂਗ ਟੁੱਟੀ ਗੰਢੀ ਅਤੇ ਗੁਰੂ ਤੋਂ ਬੇਮੁਖ ਹੋਇਆਂ ਨੂੰ ਮੁੜ ਗੁਰੂ ਨਾਲ ਕੇਵਲ ਜੋੜਿਆ ਹੀ ਨਹੀਂ ਸਗੋਂ ਚਾਲੀ ਮੁਕਤੇ ਬਣਨ ਦਾ ਅਵਸਰ ਬਖਸ਼ਿਆ ? ਜਿਨ੍ਹਾਂ ਬੀਬੀਆਂ ਘਲੂ-ਘਾਰਿਆਂ ਸਮੇਂ ਫੱਟੜ ਸਿੰਘਾਂ ਦੀ ਸੇਵਾ ਕੀਤੀ, ਆਪਣੀਆਂ ਅੱਖਾਂ ਸਾਹਮਣੇ ਬੱਚਿਆਂ ਦੇ ਟੋਟੇ ਹੁੰਦੇ ਦੇਖੇ ਤੇ ਝੋਲੀਆਂ ਵਿਚ ਪੁਆਏ—ਪਰ ਉਨ੍ਹਾਂ ਸਿੱਖੀ ਸਿਦਕ ਨਾ ਛਡਿਆ, ਆਪਣੇ ਧਰਮ ਤੇ ਕਾਇਮ ਰਹੀਆਂ—ਦੇਸ਼ ਦੀ ਵੰਡ ਸਮੇਂ ਪਤੀ-ਬ੍ਰਤਾ ਧਰਮ ਤੇ ਆਪਣੀ ਇਜ਼ਤ ਬਚਾਉਣ ਲਈ ਜਾਨਾਂ ਤੇ ਖੇਡ ਗਈਆਂ।

ਉੱਤਰ ਨਾਂਹ ਵਿਚ ਹੈ—ਸਗੋਂ ਇਸ ਦੀ ਥਾਂ ਅਸੀਂ ਕਾਲਜਾਂ ਵਿਚ ਕਲਚਰਲ ਨਾਂ ਹੇਠਾਂ ਬੀਬੀਆਂ ਨੂੰ ਪਛਮੀ ਸਭਿਅਤਾ ਤੇ ਮਨਮਤੀ ਰਿਵਾਜਾਂ ਦੇ ਸ਼ੁਦਾਈ ਬਨਾਉਣ ਦੇ ਯਤਨ ਕਰ ਰਹੇ ਹਾਂ। ਬਿਊਟੀ-ਸ਼ੋ, ਡਾਂਸ ਤੇ ਗੰਦੇ ਗਾਣੇ ਗਾਉਣ ਲਈ ਪ੍ਰੇਰਨਾ ਦੇ ਰਹੇ ਹਾਂ ਤੇ ਇਨ੍ਹਾਂ ਅਵਸਰਾਂ ਤੇ ਵਿਦਿਆਰਥਣਾਂ ਦੇ ਮਾਪੇ ਵੀ ਪੁਜਦੇ ਹਨ, ਪਰ ਕੋਈ ਵੀ ਪ੍ਰੋਟੈਸਟ ਜਾਂ ਵਿਰੋਧ ਕਰਨ ਦਾ ਹੀਆ ਨਹੀਂ ਕਰਦਾ।

ਕੀ ਇਸ ਤਰ੍ਹਾਂ ਆਪਣੇ ਵਿਰਸੇ ਤੋਂ ਤੋੜ ਕੇ ਅਸੀਂ ਇਨ੍ਹਾਂ ਵਿਦਿਆਰਥਣਾਂ ਨਾਲ ਧਰੋਹ ਨਹੀਂ ਕਰ ਰਹੇ ? ਕੀ ਅਸੀਂ ਸਮਾਜ, ਪੰਥ ਤੇ ਕੌਮ ਦੀ ਭਲਾਈ ਤੋਂ ਮੂੰਹ ਨਹੀਂ ਮੋੜ ਰਹੇ ? ਆਉਣ ਵਾਲੀਆਂ ਨਸਲਾਂ ਤੇ ਇਤਿਹਾਸਕਾਰ ਜ਼ਰੂਰ ਸਾਡੀ ਇਸ ਮਹਾਨ ਕੁਤਾਹੀ ਅਤੇ ਅਵੇਸਲੇਪਣ ਤੇ ਲਾਹਨਤਾਂ ਪਾਉਣਗੇ ਕਿ ਜਿਨ੍ਹਾਂ ਨੂੰ ਆਪਣੇ ਬਜ਼ੁਰਗਾਂ ਤੋਂ ਗੁਰਮਤਿ ਦਾ ਸੰਦੇਸ਼ ਮਿਲਿਆ, ਉਨ੍ਹਾਂ ਨੇ ਆਪਣੇ ਬੱਚਿਆਂ ਦੇ ਕੰਨੀਂ ਉਹ ਉਪਦੇਸ਼ ਨਹੀਂ ਪੈਣ ਦਿਤਾ। ਕੀ ਮਨਮੁਖਤਾ ਐਨੀ ਭਾਰੂ ਹੋ ਗਈ ਹੈ ਕਿ ਗੁਰਮੁਖ ਜਨਾਂ ਨੇ ਚੁਪ ਸਾਧਣ ਵਿਚ ਭਲਾਈ ਸਮਝ ਲਈ ਹੈ ?

ਗੁਰਬਾਣੀ ਵਿਚ ਬਾਹਰਲੀ ਸੁੰਦਰਤਾ ਨੂੰ ਛੰਡਿਆ ਗਿਆ ਹੈ ਤੇ ਅੰਦਰਲੇ ਸੱਚ ਨੂੰ ਧਾਰਨ ਕਰਨ ਤੇ ਜ਼ੋਰ ਦਿਤਾ ਮਿਲਦਾ ਹੈ। ਸਾਡੇ ਵਿਦਿਅਕ ਅਦਾਰੇ ਤੇ ਖਾਸ ਕਰ ਜਿਹੜੇ ਗੁਰੂ ਸਾਹਿਬਾਨ ਦੇ ਨਾਮ ਹੇਠ ਥਾਪੇ, ਉਸਾਰੇ ਤੇ ਚਲਾਏ ਜਾ ਰਹੇ ਹਨ—ਜੇ ਕਰ ਧਿਆਨ ਦੇਣ ਤਾਂ ਵਿਦਿਆਰਥਣਾਂ ਅੰਦਰਲੇ ਸੱਚ ਨੂੰ ਧਾਰਨ ਕਰ ਕੇ ਸਹੀ ਰੂਪ ਵਿਚ ਸੁੰਦਰ ਬਣ ਕੇ ਸਮਾਜ ਨੂੰ ਖੁਸ਼ਬੋਈ ਤੇ ਸੇਧ ਪ੍ਰਦਾਨ ਕਰ ਸਕਦੀਆਂ ਹਨ। ਗੁਰਬਾਣੀ ਇਉਂ ਸੇਧ



www.AKJ.Org

ਦੇ ਰਹੀ ਹੈ–

(੧) ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ, ਜੋ ਪਿਰ ਕੈ ਰੰਗਿ ਸਵਾਰੀ ਜੀਉ ॥੩॥
ਮਾਝ ਮਹਲਾ ੫ (੯੭-੯੮)

(੨) ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਮ: ੧, ਸਿਰੀ ਰਾਗ ਕੀ ਵਾਰ, ਪੰਨਾ ੮੫

(੩) ਸਚਿ ਸੰਜਮਿ ਸਦਾ ਹੈ ਨਿਰਮਲ, ਗੁਰ ਕੈ ਸਬਦਿ ਸੀਗਾਰੀ ॥੧॥ ਸੂਹੀ ਮ: ੩ (੭੭੧)

(੪) ਸਾਚੁ ਸੀਲ ਸਚੁ ਸੰਜਮੀ, ਸਾ ਪੂਰੀ ਪਰਵਾਰਿ ॥
ਨਾਨਕ ਅਹਿਨਿਸਿ ਸਦਾ ਭਲੀ, ਪਿਰ ਕੈ ਹੇਤਿ ਪਿਆਰਿ॥੨॥੫॥ ਮ:੧, ਵਾਰ ਮਾਰੂ ਮ: ੩(੧੦੮੯)

(੫) ਬਿਨੁ ਸਬਦੈ ਸੁਧੁ ਨ ਹੋਵਈ, ਜੇ ਅਨੇਕ ਕਰੈ ਸੀਗਾਰ ॥੨॥੨੪॥ –ਮ: ੩ ॥ (੬੫੧)

ਗੁਰੂ ਅਰਜਨ ਦੇਵ ਜੀ ਉਪਦੇਸ਼ ਦੇਂਦੇ ਹਨ–

(੬) ਇਹੁ ਮਨੁ ਸੁੰਦਰਿ ਆਪਣਾ, ਹਰਿ ਨਾਮਿ ਮਜੀਠੈ ਰੰਗਿ ਰੀ ॥
ਤਿਆਗਿ ਸਿਆਣਪ ਚਾਤੁਰੀ, ਤੂੰ ਜਾਣੁ ਗੁਪਾਲਹਿ ਸੰਗਿ ਰੀ ॥ਰਹਾਉ॥ ਆਸਾ (੪੦੦)

(੭) ਸੋਹਾਗਣੀ ਸੀਗਾਰੁ ਬਣਾਇਆ, ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ, ਅੰਤਰਿ ਰਤਨੁ ਵੀਚਾਰੁ ॥੬॥ ਆਸਾ ਮਹਲਾ ੩ (੪੨੬)

ਗੁਣਾਂ ਦਾ ਹਾਰ ਗਲੇ ਵਿਚ ਪਾਉਣਾ ਹੈ, ਪ੍ਰੇਮ ਦੀ ਸੁਗੰਧੀ ਲਾਉਣੀ ਹੈ ਤੇ ਅੰਦਰਲੀ ਸਚੀ ਵੀਚਾਰ ਹੀ ਅਮੁਲਾ ਰਤਨ ਹੈ–ਕੇਹੀ ਸੋਹਣੀ ਹਸਤੀ ਸਵਾਰੀ ਹੈ ਗੁਰਬਾਣੀ ਨੇ, ਇਸਤ੍ਰੀ ਦੀ !

(੮) ਐਸਾ ਸੀਗਾਰੁ ਬਣਾਇ ਤੂ,ਮੈਲਾ ਕਦੇ ਨ ਹੋਵਈ,ਅਹਿਨਿਸਿ ਲਾਗੈ ਭਾਉ॥੧॥–ਸਲੋਕੁ ਮ: ੩(੭੮੫)

ਆਖ਼ਰ ਵਿਚ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ, ਅਧਿਆਪਕਾਂ, ਸਰਕਾਰ ਤੇ ਮਾਪਿਆਂ ਨੂੰ ਇਹੋ ਹੀ ਅਪੀਲ ਤੇ ਚੇਤਾਵਨੀ ਹੈ ਕਿ ਆਪਣੀ ਧਰਤੀ ਦੇ ਵਿਰਸੇ ਦੀ ਸੰਭਾਲ ਕਰੋ, ਆਪਣੇ ਸਭਿਆਚਾਰ ਦੀ ਪਕੜ ਨ ਛਡੋ, ਨਹੀਂ ਤਾਂ ਪਛਮੀ ਸਭਿਅਤਾ ਦੀ ਹਨੇਰੀ ਵਿਚ ਉਜੜ ਪੁਜੜ ਜਾਵਾਂਗੇ ਤੇ ਸਾਡੇ ਸਮਾਜ ਦੇ ਗਹਿਣੇ–ਸ਼ਰਮ, ਧਰਮ, ਸਤਿਕਾਰ, ਨਿਰਮਲਤਾ, ਸੀਲਤਾ, ਉਚਾ ਆਚਰਣ, ਸਾਡੇ ਕੋਲੋਂ ਸਦਾ ਲਈ ਗੁਆਚ ਜਾਣਗੇ ।


## 'ਜੇਲ੍ਹ ਚਿੱਠੀਆਂ' ਤੇ ਗੁਰਮਤਿ ਨਾਮ ਅਭਿਆਸ ਕਮਾਈ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ | ਜੇਲ੍ਹ ਚਿਠੀਆਂ | ੧੫-੦੦ |
| ਅਨਹਦ ਸ਼ਬਦ ਦਸਮ ਦੁਆਰ | ੬–੦੦ | ਅੰਮ੍ਰਿਤ ਕੀ ਹੈ ? | ੧-੦੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੪੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੦-੫੦ |

HAIR--A DIVINE GIFT 0-40





www.AKJ.Org

# ਫੁਲ ਹਰਿਸਰਿ ਪਾਵਏ

[ਵਲੋਂ–ਗਿ: ਜਗਤਾਰ ਸਿੰਘ ਜੀ ਜਾਚਕ, ਗੁਰਦੁਆਰਾ ਸਾਹਿਬ ਸੈਕਟਰ ੧੯–ਡੀ, ਚੰਡੀਗੜ੍ਹ]

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ "ਫੁਲ" ਸ਼ਬਦ ਦੇ ਅਰਥ ਹਨ–"ਪੈਰਾਂ ਅਤੇ ਹੱਥਾਂ ਦੀਆਂ ਉਂਗਲਾਂ ਦੀਆਂ ਹੱਡੀਆਂ ਜੋ ਚਿਤਾ ਵਿਚੋਂ ਚੁਗ ਕੇ ਹਿੰਦੂ ਗੰਗਾ ਆਦਿ ਤੀਰਥਾਂ ਵਿਚ ਪਾਉਂਦੇ ਹਨ।" ਕਿਉਂਕਿ ਹਿੰਦੂਆਂ ਦਾ ਖ਼ਿਆਲ ਹੈ ਕਿ ਜਿਸ ਪ੍ਰਾਣੀ ਦੇ ਫੁਲ ਗੰਗਾ ਵਿਚ ਨਾ ਪੈਣ, ਉਸ ਦੀ ਮੁਕਤੀ ਨਹੀਂ ਹੋ ਸਕਦੀ। ਗਰੁੜ-ਪੁਰਾਣ ਵਿਚ ਤਾਂ ਇਥੋਂ ਤੱਕ ਲਿਖਿਆ ਹੈ ਕਿ ਜਿਵੇਂ ਰੂੰ ਦਾ ਢੇਰ ਅੱਗ ਦੀ ਇਕ ਚਿਣਗਾਰੀ ਦੁਆਰਾ ਸੜ ਕੇ ਸੁਆਹ ਹੋ ਜਾਂਦਾ ਹੈ ਤਿਵੇਂ ਮਰਨ ਸਮੇਂ ਪ੍ਰਾਣੀ "ਗੰਗਾ" ਲਫਜ਼ ਆਖਣ ਨਾਲ ਹੀ ਮੁਕਤ ਹੋ ਜਾਂਦਾ ਹੈ।

ਸੋ ਹਿੰਦੂ ਮੱਤ ਦੇ ਇਸ ਕਲਪਨਿਕ ਖ਼ਿਆਲ ਅਧੀਨ ਕਈ ਗੁਰਸਿੱਖ ਭਰਾ ਵੀ ਆਪਣੇ ਬਜ਼ੁਰਗਾਂ ਦੇ ਫੁਲ (ਅਸਥੀਆਂ) ਹਰਦੁਆਰ ਲਿਜਾਂਦੇ ਹਨ, ਪਰ ਜੇਕਰ ਉਨ੍ਹਾਂ ਨੂੰ ਦਸੋ ਕਿ ਗੁਰਮਤਿ ਵਿਚ ਐਸਾ ਕਰਨਾ ਵਿਵਰਜਤ ਹੈ ਤਾਂ ਉਹ ਕਹਿੰਦੇ ਹਨ, ਫਿਰ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ 'ਰਾਮਕਲੀ ਸੱਦ' ਵਿਚ ਇਹ ਹੁਕਮ ਕਿਉਂ ਕੀਤਾ ? ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿਸਰਿ ਪਾਵਏ ॥੫॥ (ਪੰਨਾ ੯੨੩)

ਐਸੇ ਭੋਲੇ ਵੀਰ "ਹਰਿਸਰਿ" ਦਾ ਅਰਥ ਹਰਿਦੁਆਰ ਲੈਂਦੇ ਹਨ, ਕਿਉਂਕਿ ਕਈ ਚਲਾਕ ਪੰਡਤ ਗਰੁੜ-ਪੁਰਾਣ ਦੀ ਕਥਾ ਕਰਦੇ ਗੰਗਾ ਦੀ ਪਵਿਤਰਤਾ ਦੀ ਪਰੋਪੱਕਤਾ ਲਈ ਕਹਿੰਦੇ ਸੁਣੇ ਹਨ–ਦੇਖੋ ਗੁਰੂ ਅਮਰਦਾਸ ਨੇ ਭੀ ਕਹਾ ਹੈ "ਫੁਲ ਹਰਿਸਰਿ ਪਾਵਏ", ਜਦੋਂ ਕਿ ਕੋਸ਼ ਵਿਚ "ਹਰਿਸਰਿ" ਦੇ ਅਰਥ ਹਰਿਦੁਆਰ ਨਹੀਂ ਅਤੇ ਨਾ ਹੀ ਕੋਈ ਸਰਸਰੀ ਤੌਰ ਤੇ ਗੱਲਬਾਤ ਕਰਦਾ ਹੋਇਆ ਹਰਦੁਆਰ ਨੂੰ ਹਰਿਸਰਿ ਕਹਿੰਦਾ ਹੈ, ਅਤੇ ਇਹ ਬਾਣੀ ਵੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਬਾਬਾ ਸੁੰਦਰ ਜੀ ਨੇ ਸਤਿਗੁਰੂ ਦੇ ਜੋਤੀ ਜੋਤਿ ਸਮਾਉਣ ਉਪਰੰਤ ਉਚਾਰਨ ਕੀਤੀ ਹੈ। ਇਸ ਪਾਵਨ ਪੰਕਤੀ ਦੇ ਅਖ਼ੀਰਲੇ ਸ਼ਬਦ "ਪਾਵਏ" ਤੋਂ ਭੁਲੇਖਾ ਲਗਦਾ ਹੈ ਕਿ ਜਿਵੇਂ ਹੁਕਮੀ ਕਿਰਿਆ ਹੋਵੇ, ਅਰਥਾਤ ਹੁਕਮ ਕੀਤਾ ਹੋਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਐਸੇ ਸ਼ਬਦ ਜਿਵੇਂ ਪਾਵਏ, ਸਮਾਵਏ ਅਤੇ ਭਾਵਏ ਆਦਿ ਗੁਰਬਾਣੀ ਵਿਆਕਰਣਕ ਨਿਯਮਾਂ ਅਨੁਸਾਰ ਵਰਤਮਾਨ ਕਾਲ ਅੱਨ-ਪੁਰਖ ਇਕ-ਵਚਨ ਦੀ ਕਿਰਿਆ ਹਨ। ਪਰਮਾਣ ਦੇ ਤੌਰ ਤੇ ਦੇਖੋ "ਰਾਮਕਲੀ ਅਨੰਦੁ" ਦੀਆਂ ਇਹ ਪਵਿਤਰ ਪੰਕਤੀਆਂ :–

ਘਰਿ ਤ ਤੇਰੈ ਸਭੁ ਕਿਛੁ ਹੈ, ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥੩॥ (ਪੰਨਾ ੯੧੭)

ਹੁਣ ਇਥੇ "ਪਾਵਏ" ਦੇ ਅਰਥ ਹਨ=ਪਾਉਂਦਾ ਹੈ, "ਵਸਾਵਏ"=ਵਸਾਉਂਦਾ ਹੈ। ਇਸੇ ਤਰ੍ਹਾਂ ਰਾਮਕਲੀ ਸੱਦ ਵਿਚ ਆਈ ਇਸ ਪੰਕਤੀ ਪਿੰਡ ਪਤਲਿ......ਹਰਿਸਰਿ ਪਾਵਏ" ਦੇ ਅਰਥ ਕੀਤੇ ਜਾਣਗੇ ਗੁਰੂ ਪਿੰਡ ਪਤਲਿ, ਕਿਰਿਆ ਦੀਵਾ ਤੇ ਫੁਲ ਹਰਿਸਰਿ ਵਿਚ ਪਾਉਂਦਾ ਹੈ।

ਦੂਜੀ ਸ਼ੰਕਾ ਹੈ ਸ਼ਬਦ "ਹਰਿਸਰਿ" ਪ੍ਰਤੀ। "ਹਰਿਸਰਿ" ਸ਼ਬਦ ਗੁਰਬਾਣੀ ਵਿਚ ਕਿਧਰੇ ਵੀ ਹਰਿਦੁਆਰਾ ਲਈ ਜਾਂ ਗੰਗਾ ਲਈ ਨਹੀਂ ਵਰਤਿਆ ਗਿਆ, ਸਗੋਂ ਇਸ ਦੀ ਵਰਤੋਂ ਗੁਰੂ, ਹਰਿ ਚਰਨਾਂ ਅਤੇ ਸਤਸੰਗ ਆਦਿਕ ਅਰਥਾਂ ਵਿਚ ਹੋਈ ਹੈ ਅਤੇ 'ਹਰਿਦੁਆਰ' ਸ਼ਬਦ ਹਰੀ ਦਰਗਾਹ ਦੇ ਅਰਥਾਂ ਵਿਚ। ਜਿਵੇਂ–

(ੳ) ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤਿ "ਹਰਿਸਰਿ" ਨਾਤੇ ਰਾਮ ॥
(ਬਿਹਾਗੜਾ ਮ: ੪) ਪੰਨਾ ੫੩੯

(ਅ) ਦੁਰਮਤਿ ਮੈਲੁ ਗਈ ਸਭ ਨੀਕਰਿ, ਹਰਿ ਅੰਮ੍ਰਿਤਿ "ਹਰਿਸਰਿ" ਨਾਤਾ ॥੧॥
(ਮਾਲੀ ਗਉੜਾ ਮ: ੪) ਪੰਨਾ ੯੮੪



www.AKJ.Org

(ਏ) ਸਤਿ ਬਚਨ ਵਰਤਹਿ ਹਰਿਦੁਆਰੈ ॥ (ਗੋਂਡ ਮ: ੫), ਪੰਨਾ ੮੬੯-੭੦
(ਸ) ਨਾਨਕ ਭਗਤ ਸੋਹਹਿ ਹਰਿਦੁਆਰ ॥੪॥੨੩॥੩੪॥ (ਰਾਮਕਲੀ ਮ: ੫) ਪੰਨਾ ੮੯੩

ਸੋ ਇਸ ਤਰ੍ਹਾਂ ਤੁੱਕ ਦਾ ਭਾਵ-ਅਰਥ ਇਹ ਬਣਦਾ ਹੈ ਕਿ "ਗੁਰੂ (ਤਾਂ) ਪਿੰਡ ਪਤਲ ਕਿਰਿਆ ਦੀਵਾ ਤੇ ਫੁਲ ਆਦਿਕ ਹਰੀ-ਸਰੋਵਰ ਅਰਥਾਤ ਸਤਿਸੰਗ ਰੂਪੀ ਸਰੋਵਰ ਵਿਚ ਪਾਉਂਦਾ ਹੈ, ਭਾਵ ਸਦਕੇ ਕਰਦਾ ਹੈ। ਇਸ ਤੋਂ ਇਹ ਨਾ ਸਮਝ ਲੈਣਾ ਕਿ ਇਹ ਸਭ ਕੁਝ ਸਤਿਸੰਗ ਵਿਚ ਸੁਟਣਾ ਹੈ ਤੇ ਅਸੀਂ ਸਾਧਸੰਗ ਵਿਚ ਸੁਟਣ ਲਗ ਪਈਏ। ਨਹੀਂ, ਨਹੀਂ। ਬਾਬਾ ਸੁੰਦਰ ਜੀ ਕਹਿੰਦੇ ਹਨ ਕਿ ਗੁਰਾਂ ਕਿਹਾ ਕਿ ਸਤਿਸੰਗ ਵਿਚ ਬੈਠ ਕੇ ਹਰਿ ਗੁਣ ਗਾਉਣੇ, ਹਰੀ ਕਥਾਂ ਤੇ ਕੀਰਤਨ ਦੁਆਰਾ ਨਾਮ-ਰੰਗ ਮਾਨਣਾ ਹੀ ਮੇਰੇ ਲਈ ਪਿੰਡ ਭਰਨੇ, ਦੀਵਾ ਵੱਟੀ ਕਰਨਾ ਅਤੇ ਫੁਲ ਗੰਗਾ ਵਿਚ ਪਾਉਣੇ ਹਨ, ਕਿਉਂਕਿ ਸਤਿਗੁਰਾਂ ਨੇ ਪ੍ਰਮੇਸ਼ਰ ਦੇ ਨਾਮ ਨੂੰ ਹੀ ਗੰਗਾ ਜਲ ਕਿਹਾ ਹੈ—

ਗੰਗਾ ਜਲੁ ਗੁਰ ਗੋਵਿੰਦ ਨਾਮ ॥ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥ਰਹਾਉ॥ (ਪੰਨਾ ੧੧੩੭)

ਅਤੇ—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ "ਗਇਆ" ਨਾਮੀ ਤੀਰਥ ਤੇ ਪਹਿਲਾਂ ਹੀ ਕਹਿ ਦਿੱਤਾ ਸੀ—

"ਪਿੰਡੁ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮੁ ਕਰਤਾਰੁ ॥ [ਆਸਾ ਮਹਲਾ ੧, ਪੰਨਾ ੩੫੮

ਸੋ ਇਸ ਲਈ ਮੁਰਦੇ ਦੇ ਫੁਲ ਗੰਗਾ ਵਿਚ ਪਾਉਣ ਲਈ ਹਰਿਦੁਆਰ ਜਾਣਾ ਅਤੇ ਹੋਰ ਪਿੰਡ ਭਰਨੇ ਅਤੇ ਬੇਬਾਣ ਆਦਿ ਕਢਣਾ ਫ਼ਜ਼ੂਲ-ਖਰਚੀ ਹੈ, ਗੁਰਮਤਿ ਤੋਂ ਉਲਟ ਹੈ। ਗਿ: ਗਿਆਨ ਸਿੰਘ "ਪੰਥ ਪ੍ਰਕਾਸ਼" ਦੇ ਅਧਿਆਏ ੮੫ ਵਿਚ ਸਿੰਘਾਂ ਦੀ ਰੀਤ ਲਿਖਦੇ ਹਨ—

ਕਿਰਿਆ ਕਰਮ ਕਰਾਵਤ ਨਾਹਿ ॥ ਹਡੀ ਪਾਇ ਨ ਗੰਗਾ ਮਾਂਹਿ ॥

ਪਰ ਜੋ ਲੋਕ ਵਿਸ਼ੇਸ਼ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ, ਫੁਲ ਅਰਥਾਤ ਅਸਥੀਆਂ ਗੰਗਾਂ ਦੀ ਥਾਂ ਕੀਰਤਪੁਰ (ਪਤਾਲਪੁਰੀ) ਪਾਉਂਦੇ ਹਨ, ਭਾਈ ਕਾਹਨ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ ੪੬੭ ਤੇ ਲਿਖਦੇ ਹਨ ਕਿ "ਉਹ ਪਾਖੰਡ ਅਤੇ ਵਹਿਮ ਨੂੰ ਬੇਗਾਨੇ ਘਰੋਂ ਸੱਦਾ ਦੇ ਕੇ ਆਪਣੇ ਘਰ ਨਿਵਾਸ ਦਿੰਦੇ ਹਨ", ਕਿਉਂਕਿ ਜੇ ਗੰਗਾ ਵਿਚ ਪਾਇਆਂ ਮੁਕਤੀ ਨਹੀਂ ਹੁੰਦੀ ਤਾਂ ਸਤਿਲੁਜ ਵਿਚ ਪਾਇਆਂ ਹੋ ਜਾਵੇਗੀ। ਇਸ ਦਾ ਸਾਡੇ ਪਾਸ ਕੋਈ ਜਵਾਬ ਨਹੀਂ। ਸੋ ਇਸ ਨਵੇਂ ਪਸਰ ਰਹੇ ਬ੍ਰਾਹਮਣਵਾਦ ਵੱਲ ਵਿਸ਼ੇਸ਼ ਧਿਆਨ ਅਤੇ ਵਿਰੁੱਧ ਪ੍ਰਚਾਰ ਕਰਨ ਦੀ ਲੋੜ ਹੈ, ਤਾਂ ਕਿ ਇਕ ਨਵਾਂ "ਹਰਿਦੁਆਰ" ਨਾ ਖੜਾ ਹੋ ਜਾਵੇ।

ਪ੍ਰੰਤੂ ਦੁਖ ਦੀ ਗੱਲ ਇਹ ਹੈ ਕਿ ਜਦ ਪੰਥ ਦੇ ਧਾਰਮਕ ਤੇ ਰਾਜਸੀ ਆਗੂ ਹੀ ਕਿਸੇ ਵਿਛੜ ਚੁੱਕੇ ਨੇਤਾ ਦੀਆਂ ਅਸਥੀਆਂ ਜਲੂਸ ਦੀ ਸ਼ਕਲ ਵਿਚ ਪਿੰਡੋ ਪਿੰਡ ਲਈ ਫਿਰਨ, ਦੇਸ਼ ਤੇ ਕੌਮ ਦਾ ਧਨ ਫ਼ਜ਼ੂਲ ਬਰਬਾਦ ਕਰਨ, ਫਿਰ ਜਾ ਕੇ ਪਤਾਲਪੁਰੀ ਸਤਲੁਜ ਵਿਚ ਪਾਉਣ, ਦੀਵਾਨ ਸਜਾਉਣ ਤਾਂ ਗਿਲਾ ਅਤੇ ਸ਼ਿਕਵਾ ਕਿਸ ਤੇ ਕੀਤਾ ਜਾਵੇ ? ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਰਹਿਤ-ਮਰਯਾਦਾ ਵਿਖੇ ਮ੍ਰਿਤਕ ਸੰਸਕਾਰ ਲਈ ਇਹ ਉਲੇਖ ਹੁੰਦਿਆਂ ਕਿ "ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉਥੇ ਹੀ ਦੱਬ ਕੇ ਜ਼ਿਮੀ ਬਰਾਬਰ ਕਰ ਦਿੱਤੀ ਜਾਵੇ। ਅੰਗੀਠੇ ਵਿਚੋਂ ਫੁਲ ਚੁਣ ਕੇ ਗੰਗਾ, ਪਤਾਲ-ਪੁਰੀ ਤੇ ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਉਣੇ ਮਨਮੱਤ ਹੈ।" ਇਸ ਲਿੱਖਤ ਤੇ ਗੁਰਮਤਿ ਮਰਯਾਦਾ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਅਜਿਹੇ ਅਗਿਆਨੀ ਤੇ ਵਿਸ਼ਵਾਸ ਰਹਿਤ ਆਗੂਆਂ ਨੂੰ ਵੇਖ ਕੇ ਹੀ ਇਲਾਮਾ ਇਕਬਾਲ ਨੇ ਸਚ-ਹੱਕ ਗਿਲਾ ਕੀਤਾ ਸੀ—

ਸ਼ਕਾਇਤ ਹੈ ਮੁਝੇ ਯਾ-ਰਬ, ਖੁਦਾਵੰਦਾਨਿ ਮਕਤਬ ਸੇ,
ਕਿ ਸਬਕ ਸ਼ਾਹੀ ਕੇ ਬਚੋਂ ਕੋ ਦੇ ਰਹੇ ਹੈਂ ਖ਼ਾਕਬਾਜ਼ੀ ਕਾ।



www.AKJ.Org

# ਗੁਰਮੁਖਿ ਵੈਰ ਵਿਰੋਧ ਮਿਟਾਵੈ

[ਵਲੋਂ :—ਸ: ਮਦਨ ਸਿੰਘ ਜੀ, ਯੂ. ਕੇ.]

ਕਰੋਧ, ਵੈਰ ਵਿਰੋਧ ਆਦਿ ਨਫ਼ਰਤ ਤੋਂ ਹੀ ਪੈਦਾ ਹੋਈਆਂ ਮਾਨਸਿਕ ਬੀਮਾਰੀਆਂ ਹਨ। ਕਰੋਧ ਵਿਚ ਆਦਮੀ ਪਾਗਲ ਹੋ ਜਾਂਦਾ ਹੈ। ਪਾਗਲਪਣ ਵਿਚ ਕਰੋਧੀ ਹਰ ਗ਼ਲਤੀ ਕਰ ਸਕਦਾ ਹੈ। ਲੜਾਈ, ਝਗੜੇ, ਅਤੇ ਅਸ਼ਾਂਤੀ, ਜਿਹੜੀ ਕਿ ਸਾਰੀ ਦੁਨੀਆ ਵਿਚ ਫੈਲ ਰਹੀ ਹੈ, ਨਫ਼ਰਤ, ਵੈਰ, ਵਿਰੋਧ ਅਤੇ ਕਰੋਧ ਕਰਕੇ ਹੀ ਹੈ। ਨਿਰਭਉ ਤੇ ਨਿਰਵੈਰ ਹੋਣਾ ਸਤੋਗੁਣੀ ਲਛਣ ਹਨ। ਸਤਿਗੁਰੂ ਮਹਾਰਾਜ ਨੇ ਗੁਰਬਾਣੀ ਰਾਹੀਂ ਸਾਨੂੰ ਕਲਜੁਗੀ ਜੀਵਾਂ ਨੂੰ ਕਰੋਧ ਦੀ ਮਾਰ ਤੋਂ ਬਚਣ ਲਈ ਉਪਦੇਸ਼ ਦਿੱਤਾ ਹੈ। ਕਰੋਧੀ ਮਨੁਖ ਤੋਂ ਪਰੇ ਰਹਿਣ ਲਈ ਹੁਕਮ ਹੈ–

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ [ਸਿਰੀਰਾਗੁ ਮਹਲਾ ੪, ਪੰਨਾ ੪੦

ਜਿਥੇ ਕ੍ਰੋਧ ਹੈ ਓਥੇ ਹੋਰ ਵੀ ਮਾਨਸਿਕ ਬੀਮਾਰੀਆਂ ਆ ਡੇਰੇ ਲਾਉਂਦੀਆਂ ਹਨ–

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥
[ਰਾਮਕਲੀ ਦਖਣੀ ਓਅੰਕਾਰ, ਪੰਨਾ ੯੩੨

ਇਨ੍ਹਾਂ ਮਾਰੂ ਰੋਗਾਂ ਤੋਂ ਬਚਣ ਲਈ ਸਤਿਗੁਰੂ ਜੀ ਨਿਮਰਤਾ ਤੇ ਭੈ-ਭਾਵਨੀ ਵਿਚ ਰਹਿਣ ਦੀ ਤਾਕੀਦ ਕਰਦੇ ਹਨ। ਨਿਮਰਤਾ ਮਨ ਦੀ ਗਰੀਬੀ ਦਾ ਦੂਸਰਾ ਨਾਮ ਹੈ–

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥੧॥ [ਸੋਰਠਿ ਮਹਲਾ ੫, ਪੰਨਾ ੬੨੮

'ਨਿਮਰਤਾ' ਢਾਲ ਦਾ ਕੰਮ ਦਿੰਦੀ ਹੈ। ਇਸ ਨਾਲ ਮਨੁਖ ਕਈ ਕੁਕਰਮਾਂ ਤੋਂ ਬਚ ਨਿਕਲਦਾ ਹੈ। ਨਿਮਰਤਾ ਕਮਜ਼ੋਰੀ ਨਹੀਂ, ਸਗੋਂ ਤਾਣ ਹੁੰਦਿਆਂ ਹੋਇ ਨਿਤਾਣਾ ਹੋਣਾ ਹੈ, ਕਰੋਧ ਦੇ ਉਲਟ ਹੈ।

ਦਇਆ ਗੁਰੂ ਨਾਨਕ ਦੇ ਸਿਖ-ਮਤ ਦਾ ਬੁਨਿਆਦੀ ਸਿਧਾਂਤ ਹੈ। ਨਾਮ ਜਪਣਾ, ਵੰਡ ਛਕਣਾ ਅਤੇ ਧਰਮ ਦੀ ਕਿਰਤ ਕਰਨੀ ਗੁਰਮਤਿ ਦੇ ਮੁਢਲੇ ਅਸੂਲ ਮੰਨੇ ਗਏ ਹਨ। ਦਇਆ ਤੋਂ ਬਿਨਾਂ ਧਰਮ ਖੋਖਲਾ ਹੈ—

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁਜੀ ਸਾਹਿਬ)

ਗੁਰੂ ਨਾਨਕ ਨੇ ਨਿਰਣਾ ਕਰ ਦਿੱਤਾ ਹੈ। ਦਇਆ, ਸੇਵਾ ਭਾਵ ਅਤੇ ਸਹਿਨ-ਸ਼ੀਲਤਾ ਦੈਵੀ ਗੁਣ ਹਨ। ਨਫ਼ਰਤ ਤੇ ਕ੍ਰੋਧ ਸ਼ੈਤਾਨੀ ਜਜ਼ਬੇ ਹਨ। ਦੈਵੀ ਗੁਣ ਮਨੁਖ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਦੇ ਹਨ ਤੇ ਸ਼ੈਤਾਨੀ ਜਜ਼ਬੇ ਕਰੋਧ ਆਦਿ ਭੰਨ-ਤੋੜ, ਮਾਰ-ਕੁਟਾਈ ਅਤੇ ਅਸ਼ਾਂਤੀ ਫੈਲਾਉਂਦੇ ਹਨ। ਇਨ੍ਹਾਂ ਦੀ ਹਮੇਸ਼ਾ ਹੀ ਟੱਕਰ ਰਹੀ ਹੈ ਤੇ ਰਹੇਗੀ। ਇਸ ਵਿਚ ਸ਼ੱਕ ਨਹੀਂ ਕਿ ਆਖ਼ਰ ਫਤਹ ਸੱਚ ਦੀ ਹੁੰਦੀ ਹੈ।

ਗੁਰੂ ਦਾ ਸਿੱਖ ਮਿਠ-ਬੋਲੜਾ ਤੇ ਭੈ-ਭਾਵਨੀ ਵਿਚ ਰਹਿੰਦਾ ਹੋਇਆ ਸਰਬੱਤ ਦੀ ਸੇਵਾ ਵਿਚ ਜੁਟਿਆ ਰਹੇਗਾ। ਭੈ-ਭਾਵਨੀ ਵਿਚ ਰਹਿਣ ਵਾਲਾ ਗੁੱਸਾ ਕਰਦਾ ਹੀ ਨਹੀਂ। ਗੁਰੂ ਕੇ ਲਾਲ ਨੂੰ ਹਰ ਜਗ੍ਹਾ ਤੇ ਸਾਰੇ ਬ੍ਰਹਿਮੰਡ ਵਿਚ ਉਸ ਅਕਾਲੀ ਜੋਤਿ ਦਾ ਹੀ ਪ੍ਰਕਾਸ਼ ਨਜ਼ਰੀਂ ਆਉਂਦਾ ਹੈ–

ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ [ਕਾਨੜਾ ਮ: ੫, ਪੰਨਾ ੧੨੯੯

ਇਸ ਦਸ਼ਾ ਵਿਚ ਗੁਰੂ ਕਾ ਸਿਖ ਨਾਮ ਜਪ ਕੇ ਖੁਸ਼ ਹੁੰਦਾ ਹੈ। ਉਸ ਕਾਦਰ ਦੀ ਕੁਦਰਤ ਨੂੰ ਪਿਆਰ ਕਰਦਾ ਹੈ। ਜਦੋਂ ਹਰ ਪਾਸੇ "ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ"* ਵਾਲੀ ਦਸ਼ਾ ਹੋ ਜਾਵੇ ਤਾਂ ਨਫਰਤ, ਗੁੱਸਾ ਕਿਸੇ ਨਾਲ ਵੀ ਨਾ ਰਿਹਾ। ਕਿਸੇ ਨੂੰ ਦੁਖੀ ਕਰਨਾ, ਉਸ ਮਾਲਕ ਦੀ ਰਜ਼ਾ ਤੋਂ ਉਲਟ ਚਲਣਾ ਹੈ। ਬਾਬਾ ਫਰੀਦ ਜੀ ਫੁਰਮਾਉਂਦੇ ਹਨ–

*ਬਿਲਾਵਲ ਮਹਲਾ ੫, ਪੰਨਾ ੮੪੬



www.AKJ.Org

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧੩੮੪)

ਕਿਸੇ ਨਾਲ ਨਫ਼ਰਤ ਕਰਨੀ, ਭਾਵੇਂ ਕਿਸੇ ਭੀ ਕਾਰਨ ਹੋਵੇ, ਗੁਰਮਤਿ ਵਿਚ ਵਿਵਰਜਤ ਹੈ। ਮਾੜੇ ਕੰਮਾਂ ਤੋਂ ਨਫ਼ਰਤ ਕਰਨੀ ਹੈ, ਨਾ ਕਿ ਮਨੁਖ ਤੋਂ।

ਕਾਮ, ਕਰੋਧ, ਈਰਖਾ, ਵੈਰ, ਵਿਰੋਧ ਪਾਲਣ ਵਾਲਾ ਸਿਖ ਗੁਰੂ ਨੂੰ ਨਹੀਂ ਭਾਉਂਦਾ, ਭਾਵੇਂ ਉਹ ਕਿੰਨਾ ਵੀ ਸ਼ਸਤਰ, ਬਸਤਰ-ਧਾਰੀ ਹੋਵੇ।

ਪਰ ਕੀ ਆਖੀਏ ? ਅਸੀਂ ਸਾਰੇ ਹੀ ਰੋਗੀ ਹਾਂ। ਮਹਾਰਾਜ ਨੇ ਆਪ ਹੀ ਠਣਕਾ ਕੇ ਕਹਿ ਦਿਤਾ—

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ [ਧਨਾਸਰੀ ਮ: ੧ ਛੰਤ, ਪੰਨਾ ੬੮੭

ਕਿਸੇ ਨੂੰ ਸਰੀਰਕ ਰੋਗ ਹੈ, ਕਿਸੇ ਨੂੰ ਮਾਨਸਿਕ ਰੋਗ। "ਰੋਗ ਰਹਿਤ ਮੇਰਾ ਸਤਿਗੁਰੁ ਜੋਗੀ"† ਹੀ ਹੈ। ਸਤਿਗੁਰੂ ਹੀ ਵੱਡਾ ਵੈਦ ਹੈ। ਸਰੀਰਕ ਤੇ ਮਾਨਸਿਕ ਰੋਗੀਆਂ ਦਾ ਰੋਗ, ਸਤਿਗੁਰੂ ਨਾਮ ਦੀ ਬਖਸ਼ਸ਼ ਕਰ ਕੇ, ਕਟ ਦਿੰਦਾ ਹੈ। ਨਾਮ ਦਾ ਦਾਰੂ ਸੁਆਸ ਸੁਆਸ ਜੱਪ ਕੇ ਹੀ ਸਚੀ ਖ਼ੁਸ਼ੀ ਮਿਲਦੀ ਹੈ—

ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥੧੯॥ [ਭਾਈ ਗੁਰਦਾਸ ਜੀ, ਵਾਰ ੨੬

ਹੋਰ ਗੁਰੂ ਪਿਆਰੇ, ਰਹਿਣੀ, ਬਹਿਣੀ, ਸਹਿਣੀ, ਕਹਿਣੀ ਦੀ ਦ੍ਰਿੜ੍ਹਤਾ ਵਾਲੇ ਸਤ-ਪੁਰਖ ਉਹਦੇ ਹੁਕਮ ਅੰਦਰ ਕੰਮਪਾਉਂਡਰੀ ਕਰਦੇ ਹਨ। ਭੁਲੇ-ਭਟਕੇ ਖਸਮੋਂ ਘੁਥੇ ਜੀਵਾਂ ਨੂੰ ਗੁਰੂ-ਸੰਗਤ ਨਾਲ ਜੋੜ ਕੇ ਗੁਰਬਾਣੀ ਦੀ ਸੇਧ ਦਿੰਦੇ ਹੋਏ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ। ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਲਈ ਉਪਦੇਸ਼ ਦਿੰਦੇ ਹਨ। ਹਸਪਤਾਲ ਵਿਚ ਅਨੇਕਾਂ ਤਰ੍ਹਾਂ ਦੇ ਰੋਗੀ ਹੁੰਦੇ ਹਨ। ਕਈ ਖ਼ਤਰਨਾਕ ਕਿਸਮ ਦੇ ਪਾਗਲ ਮਰੀਜ਼ ਭੀ ਹੁੰਦੇ ਹਨ। ਡਾਕਟਰ ਨੂੰ ਗਾਲ੍ਹਾਂ ਕਢਦੇ; ਕਈ ਵਾਰ ਮਾਰਨ ਤਕ ਵੀ ਨੌਬਤ ਆ ਜਾਂਦੀ ਹੈ। ਡਾਕਟਰ ਉਸ ਰੋਗੀ ਦੇ ਵਤੀਰੇ ਕਰਕੇ ਕਰੋਧ ਨਹੀਂ ਕਰਦਾ, ਨਫ਼ਰਤ ਨਹੀਂ ਕਰਦਾ, ਸਗੋਂ ਪਿਆਰ ਨਾਲ ਉਸਦਾ ਇਲਾਜ ਕਰਦਾ ਹੈ। ਡਾਕਟਰ ਮਰੀਜ਼ ਦੇ ਰੋਗ ਨੂੰ ਜ਼ਰੂਰ ਨਫ਼ਰਤ ਕਰਦਾ ਹੈ, ਪਰ ਮਰੀਜ਼ ਨੂੰ ਪਿਆਰ ਕਰਦਾ ਹੈ। ਇਸ ਲਈ ਸਹੀ ਇਲਾਜ ਕਰ ਕੇ ਉਸਨੂੰ ਅਰੋਗ ਕਰਨ ਦਾ ਉਦਮ ਕਰਦਾ ਹੈ। ਇਸੇ ਤਰ੍ਹਾਂ ਗੁਰੂ ਦੇ ਲੜ ਲਗਿਆਂ ਅਸੀਂ ਵੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਮਾਰ ਤੋਂ ਬੱਚ ਸਕਦੇ ਹਾਂ। ਨਾਮ ਦੀ ਅਉਖਧੀ ਮਿਲਣੀ ਗੁਰੂ ਦੀ ਬਖਸ਼ਸ਼ ਹੈ। ਗੁਰੂ ਕੀ ਇਹ ਮਿਹਰ ਕਿਸੇ ਉਤੇ ਕਿਸੇ ਸਮੇਂ ਭੀ ਹੋ ਸਕਦੀ ਹੈ—

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰ ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥ [ਸਲੋਕ ਸੇਖ ਫਰੀਦ ਜੀ, ੧੩੮੪

ਯੂ. ਕੇ. ਵਿਚ ਅਜ ਤੋਂ ਕੁਝ ਸਾਲ ਪਹਿਲੇ ਬਹੁਤ ਘਟ ਗੁਰਦੁਆਰੇ ਸਨ। ਜਟਾ-ਜੂਟ, ਦਸਤਾਰ-ਬੰਦ ਸਿਖ ਕਿਤੇ ਹੀ ਨਜ਼ਰ ਆਉਂਦਾ ਸੀ। ਅੱਜ ਗੁਰੂ ਦੀ ਫੁਲਵਾੜੀ ਮਹਿਕ ਰਹੀ ਹੈ। ਬੇਅੰਤ ਗੁਰਦੁਆਰੇ ਬਣ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤੀ ਜੋਤਿ ਦਾ ਪ੍ਰਕਾਸ਼ ਹਰ ਰੋਜ਼ ਹੁੰਦਾ ਹੈ। ਕਥਾ ਕੀਰਤਨ ਦੇ ਪਰਵਾਹ ਚਲਦੇ ਹਨ। ਨਾਮ ਸਿਮਰਨ ਦੀਆਂ ਝੁਟੀਆਂ ਲਗਦੀਆਂ ਹਨ। ਰੈਣ-ਸਬਾਈ ਕੀਰਤਨ ਦੇ ਅਖਾੜੇ ਜੁੜਦੇ ਹਨ। ਅੰਮ੍ਰਿਤ-ਸਿੰਚਾਰ ਦੇ ਪ੍ਰੋਗਰਾਮ ਵੀ ਆਮ ਹੋ ਰਹੇ ਹਨ। ਬੇਅੰਤ ਸੰਗਤਾਂ ਗੁਰੂ ਦੇ ਲੜ ਲਗ ਕੇ ਨਾਮ ਕਮਾਈਆਂ ਕਰਦੇ ਮਾਰੂ ਰੋਗਾਂ ਤੋਂ ਨਿਜਾਤ ਪਾ ਰਹੀਆਂ ਹਨ। ਇਹੋ ਹੀ ਇਕੋ ਇਕ ਵਾਹਦ ਰਸਤਾ ਹੈ—

ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥੫॥੨੦॥ [ਸੁਖਮਨੀ ਸਾਹਿਬ, ਪੰਨਾ ੨੯੦

ਇਸਦੇ ਨਾਲ ਹੀ ਫਰੀਦ ਜੀ ਦੇ ਬਚਨਾਂ ਤੇ ਅਮਲ ਕਰਨ ਦੀ ਜਾਚ ਸਿਖ ਲਈਏ—

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ (੧੩੮੧)

†ਭੈਰਉ ਮਹਲਾ ੫, ਪੰਨਾ ੧੧੪੦


www.AKJ.org

# "ਝੂਠਿ ਵਿਗੁਤੀ ਤਾ ਪਿਰੁ ਮੁਤੀ"

[ਵਲੋਂ :—ਸ: ਪ੍ਰੀਤਮ ਸਿੰਘ ਜੀ 'ਅਨਜਾਣ', ਬੀ. ਏ. ਸਟੂਡੈਂਟ, ਜਲੰਧਰ]

ਲੇਖਕ ਜੀ ਇਸ ਲੇਖ ਨਾਲ ਜਾਣ-ਪਛਾਣ ਕਰਾਂਦਿਆਂ ਹੋਇਆਂ ਲਿਖਦੇ ਹਨ—
"ਕਾਲਜ ਦੀ ਝੂਠੀ ਪੜ੍ਹਾਈ ਸਟੱਡੀ ਕਰਦਿਆਂ ਕਰਦਿਆਂ
ਗੁਰਬਾਣੀ ਦੇ ਅੰਕੁਸ ਹੇਠ ਆਪਣੀ ਜਿੰਦ ਦਾ ਚਿੱਠਾ ਫਰੋਲਿਆ ਹੈ।

ਮਾਰੂ-ਥਲ ਵਿਚ ਇਕ ਰੇਤ ਦੇ ਕਿਣਕੇ ਜਿੰਨੀ ਮਹੱਤਤਾ ਰੱਖਣ ਵਾਲੀ ਇਹ ਜਿੰਦ ! ਜਦੋਂ ਨੌਂ ਮਹੀਨੇ ਮਾਤਾ ਦੇ ਗਰਭ ਵਿਚ, ਪੰਜ-ਭੂਤਕ ਕਪੜਿਆਂ ਵਿਚ ਪਲੀ ਤਾਂ ਉਰਧ ਤਪ ਕਰਦਿਆਂ ਅਕਾਲ ਪੁਰਖ ਅਗੇ ਅਰਜ਼ੋਈ ਕਰਦੀ ਰਹੀ, ਕਿ ਇਸ ਅਗਨੀ ਚੋਂ ਕੱਢ ਲੈ, ਸਾਰੀ ਉਮਰ ਤੇਰੇ ਹੀ ਗੁਣ ਗਾਵਾਂਗੀ।

ਪਰ ਅਕ੍ਰਿਤਘਣਤਾ ਦੇ ਸਿਖਰ ਤੇ ਪੁੱਜੀ ਇਹ ਜਿੰਦ, ਜਦ ਬਾਹਰ ਆਈ ਤਾਂ ਉਸੇ ਤਰ੍ਹਾਂ ਦੀ ਇਕ ਹੋਰ ਅਗਨਿ-ਕੁੰਡ ਦਾ ਸ਼ਿਕਾਰ ਹੋ ਗਈ। ਹੁੰਦੀ ਵੀ ਕਿਵੇਂ ਨਾ ? ਮਾਂ ਦੀਆਂ ਆਂਦਰਾਂ ਨਾਲ ਅਟੁੱਟ ਰਿਸ਼ਤਾ; ਪਿਤਾ, ਭੈਣ, ਭਰਾ ਅਤੇ ਹੋਰ ਸਨਬੰਧੀਆਂ ਦਾ ਪਿਆਰ—ਇਹ ਸਭ ਕੁਝ ਕਿਤਨਾ ਲੁਭਾਉਣਾ ਹੁੰਦਾ ਹੈ ! ਫਿਰ ਇਹ ਪ੍ਰੀਤ ਯਾਰਾਂ-ਦੋਸਤਾਂ ਚੋਂ ਸਫ਼ਰ ਕਰਦੀ ਜਦ ਮਾਇਆ ਦੇ ਅਤਿ ਲੁਭਾਉਣੇ ਜ਼ਿਰੀਏ—ਇਸਤ੍ਰੀ ਲਈ (ਇਸਤ੍ਰੀਆਂ ਵਿਚ ਪੁਰਸ਼ ਲਈ) ਤੜਪਦੀ ਹੈ ਤਾਂ ਛੋਟੀਆਂ ਮੋਟੀਆਂ ਤਾਕਤਾਂ ਇਸ ਜਿੰਦ ਨੂੰ ਮੌਤ ਨਹੀਂ ਯਾਦ ਕਰਾ ਸਕਦੀਆਂ। ਫਿਰ ਦੁਨੀਆ ਭਰ ਦੇ ਐਸ਼ਵਰਜ ਦੇ ਸਾਮਾਨ; ਖਾਣ ਪੀਣ ਲਈ ਛੱਤੀ ਪ੍ਰਕਾਰ ਦੇ ਭੋਜਨ—ਇਹ ਸਭ, ਉਸ ਉਰਧ-ਤਪ ਸਮੇਂ ਕੀਤੇ ਅਕਾਲ ਪੁਰਖ ਅਗੇ ਤਰਲਿਆਂ ਨੂੰ ਭੁਲਾ ਦਿੰਦੇ ਹਨ। ਮਾਇਆ ਦੇ ਮਿੱਠੇ ਅਤੇ ਸੁਖਾਵੇਂ ਗਿਲਾਫ ਵਿਚ—ਇਹ ਜਿੰਦ ਚਾਹੁੰਦੀ ਏ, ਹੁਣ ਸਦਾ ਲਈ ਨਿਘ ਮਾਣਦੀ ਰਹਾਂ।

ਪਰ ਇਸ ਜਿੰਦ ਨੂੰ ਕੌਣ ਦੱਸੇ, ਜੁੰਬਸ਼ ਦੇਵੇ ? ਕਿ ਹੇ ਬਿਖਲੀਪਤੇ ! ਇਹ ਸਭ 'ਪੇਖੰਦੜੋ ਕੀ ਭੁਲ' ਹੈ। ਧੁਰ ਕੀ ਬਾਣੀ ਆਈ ਤੇਰੇ ਲਈ ਕੀ ਫ਼ੁਰਮਾ ਰਹੀ ਹੈ—

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥੨੯॥ (ਅਨੰਦੁ)

ਉਦਰ ਮਹਿ ਅਗਨਿ ਸਮੇਂ ਤਾਂ ਇਸ ਦੀ ਲਿਵ ਉਸ ਹਰੀ ਨਾਲ ਲਗੀ ਹੋਈ ਸੀ, ਪਰ ਕਰਤਾ ਪੁਰਖ ਦੇ ਭਾਣੇ ਵਿਚ ਜਦ ਬਾਹਰ ਆ ਗਈ ਤਾਂ ਉਸ ਲਿਵ ਤੋਂ ਤਿਲਾਂਜਲੀ ਲੈ ਲਈ, ਅਤੇ ਮਾਇਆ ਦੇ ਡੰਫ-ਪਸਾਰੇ ਦੀ ਤ੍ਰਿਸ਼ਨਾ ਵਿਚ ਨੱਕਾ-ਨੱਕ ਭਰ ਗਈ—

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥੨੯॥ (ਅਨੰਦੁ)

ਗੁਰਬਾਣੀ ਪੈਰ ਪੈਰ ਤੇ ਇਸ ਜਿੰਦ ਨੂੰ ਸਮਝਾ ਰਹੀ ਹੈ, ਤਾੜਨਾ ਕਰ ਰਹੀ ਹੈ ਕਿ—

ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ ॥੨੯॥ (ਅਨੰਦੁ)

ਪਰ ਦੂਜੇ ਭਾਇ ਵਿਗੁਤੀ ਇਸ ਕਪਟੀ ਜਿੰਦ ਨੂੰ ਅਜੇ ਵੀ ਸੋਝੀ ਨਹੀਂ ਆ ਰਹੀ ਕਿ ਆਖ਼ਿਰ ਇਸ ਮੋਹ-ਮਾਇਆ ਤੋਂ ਉਪਜਿਆ ਦੂਜਾ ਭਾਉ ਵੀ ਤਾਂ ਸਦੀਵ ਨਹੀਂ ਰਹਿਣਾ, ਇਹ ਵੀ ਬਿਨਸਨਹਾਰ ਹੈ। ਹਰ ਚੀਜ਼ ਜੋ ਮਾਇਕ (material) ਰੂਪ ਵਿਚ ਇਨ੍ਹਾਂ ਸਥੂਲ ਅੱਖਾਂ ਨੂੰ ਭਰਮਾ ਰਹੀ ਹੈ, ਨਾਸ਼ਵਾਨ ਹੈ—

"Every thing that exi ts, is liable to decay"

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ ॥



www.AKJ.Org

ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ......॥੧੧॥ (ਅਨੰਦੁ)

ਪਰ ਇਸ ਆਪ-ਹੁਦਰੀ, ਮਨ, ਚਿਤ ਅਤੇ ਦਿਮਾਗ ਨਾਲ ਤਾਲ-ਮੇਲ ਕਰ ਕੇ ਚਲਣ ਵਾਲੀ ਜਿੰਦ ਦਾ ਕੀ ਕੀਤਾ ਜਾਵੇ ? ਹਾਂ, ਕਈ ਵਾਰ ਠੁੱਡੇ-ਠੇਡੇ ਖਾ ਕੇ ਪਛਤਾਉਂਦੀ ਜ਼ਰੂਰ ਹੈ। ਪਰ ਹੁਣ ਭੁੱਲ ਕੇ ਪਛਤਾਉਣਾ ਵੀ ਇਸਦਾ ਸੁਭਾਵ ਹੀ ਬਣ ਚੁਕਾ ਹੈ–

ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ (੧੧੧੧)

ਇਸ ਦੇ ਨਾਲ ਹੀ–

ਪਿਰੁ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥ (੧੧੧੧)

ਆਪਣੇ ਅਸਲ ਮਾਲਕ, ਕਰਣਹਾਰ ਕਰਤਾਰ, ਅਕਾਲ ਪੁਰਖ ਵਲੋਂ ਇਤਨੀ ਗ਼ਾਫ਼ਿਲ ਹੋ ਕੇ ਮਾਇਆ ਦੇ ਭਰਮ-ਭੁਲਾਵੜਿਆਂ ਵਿਚ ਐਸੀ ਘੂਕ ਸੁਤੀ ਪਈ ਹੈ ਕਿ ਮਨੁੱਖਾ ਜਨਮ ਦਾ ਮਨੋਰਥ ਹੀ ਵਿਸਰ ਚੁਕਾ ਹੈ। ਇਸ ਜਿੰਦ ਨੂੰ ਵਿਕਾਸ-ਸ਼ੀਲ ਕਰਨ ਲਈ ਮਿਲੇ ਕਰਮ-ਇੰਦਰੇ ਅਤੇ ਗਿਆਨ-ਇੰਦਰੇ, ਬਿਲਕੁਲ ਨਿਸਲ ਹੋ ਚੁਕੇ ਹਨ। ਆਤਮਕ ਜੀਵਨ ਦਾ ਰਾਹ ਦੇਖਣ ਲਈ ਇਸ ਨੂੰ ਸੂਖਸਮ ਸੋਹਣੇ ਨੇਤਰ ਮਿਲੇ, ਪਰ ਉਸ ਅਗੇ ਅਗਿਆਨਤਾ ਦੀ ਹਨੇਰੀ ਰਾਤ ਛਾ ਰਹੀ ਹੈ। ਐਸੀ ਮੂਰਖਤਾ ਵਾਲੀ ਅਵਸਥਾ ( ) ਤੇ ਗੁਰਬਾਣੀ ਫਿਰ ਹਲੂਣਾ ਦਿੰਦੀ ਹੈ–

ਪਹਿਲੈ ਪਹਰੈ ਨੈਣ ਸਲੋਨੜੀਏ,ਰੈਣਿ ਅੰਧਿਆਰੀ ਰਾਮ ॥
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥
ਵਾਰੀ ਆਵੈ, ਕਵਣੁ ਜਗਾਵੈ, ਸੂਤੀ ਜਮ ਰਸੁ ਚੂਸਏ ॥
ਰੈਣ ਅੰਧੇਰੀ, ਕਿਆ ਪਤਿ ਤੇਰੀ, ਚੋਰੁ ਪੜੈ ਘਰੁ ਮੂਸਏ ॥
ਰਾਖਣਹਾਰਾ, ਅਗਮ ਅਪਾਰਾ, ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ, ਕਿਆ ਸੂਝੈ ਰੈਣਿ ਅੰਧੇਰੀਆ ॥੧॥

[ਤੁਖਾਰੀ ਮਹਲਾ ੧, ਪੰਨਾ ੧੧੧੦

ਕਿਤਨਾ ਭਿਆਨਕ ਨਤੀਜਾ ਹੋ ਸਕਦੈ, ਪਿਰ ਵਲੋਂ ਮੁਖ ਮੋੜ ਕੇ ਸੁਤੀ ਜਿੰਦ ਦਾ ! ਕਿਸ ਤਰ੍ਹਾਂ ਛੁਟਕਾਰਾ ਹੋਵੇ ਇਸ ਮਾਇਆ-ਛਲ ਤੋਂ ?

ਛੁਟਕਾਰਾ ਤੇ ਤਾਂ ਹੋਵੇ ਜੇ ਪਹਿਲਾਂ ਅਹਿਸਾਸ ਹੋ ਆਵੇ ਕਿ ਵਾਕਿਆ ਹੀ ਜਿੰਦ, ਇਸ ਪਸਾਰੇ ਵਿਚ ਖਚਿਤ ਹੋ ਕੇ ਕੁੱਠੀ ਜਾ ਰਹੀ ਹੈ ਅਤੇ ਸਰੀਰ ਦੇ ਨਾਸ਼ ਹੋ ਜਾਣ ਵਿਚ ਕੋਈ ਸ਼ਕ ਨਹੀਂ–

ਖੂਲੀ ਗੰਠਿ, ਉਠੋ, ਲਿਖਿਆ ਆਇਆ ਰਾਮ ॥
ਰਸ ਕਸ ਸੁਖ ਠਾਕੇ, ਬੰਧਿ ਚਲਾਇਆ ਰਾਮ...॥੫॥੨॥

[ਤੁਖਾਰੀ ਮਹਲਾ ੧, ਪੰਨਾ ੧੧੧੦

ਤੇ ਜਦੋਂ ਕਰਮਾਂ ਦੇ ਨਿਬੇੜੇ ਦਾ ਫ਼ਿਕਰ ਬਣ ਆਵੇ–

ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥ (੧੧੧੦)

ਤਦ ਹੀ ਸੰਭਵ ਹੈ ਕਿ ਇਹ ਜਿੰਦ ਆਪਣੇ ਅਸਲੇ ਨਾਲੋਂ ਵਿਛੜੀ ਮਹਿਸੂਸ ਕਰਦੀ ਹੋਈ ਤੜਪ ਉਠੇ। ਅਤੇ ਇਸੇ ਤੜਪ ਤੋਂ ਪ੍ਰੇਰਿਤ ਕੇਵਲ 'ਅੰਮ੍ਰਿਤ ਛਕ ਕੇ' ਸਤਿਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਰੂਪੀ ਸਾਗਰ ਵਿਚ ਚੁਭੀਆਂ ਲਾਉਂਦੀ ਹੋਈ, ਪ੍ਰਭੂ-ਮਿਲਾਪ ਦੀ ਤਾਂਘ ਵਿਚ ਹੀ ਹੋ ਸਕਦੈ ਕਿਸੇ ਜਿੰਦ ਵਿਚ ਐਹੋ ਜਿਹਾ ਬਿਰਹਾ ਉਪਜ ਸਕੇ–


www.AKJ.Org

ਅਸੁਨਿ ਆਉ ਪਿਰਾ, ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭੁ ਮੇਲੇ, ਦੂਜੈ ਭਾਇ ਖੁਈ ॥੧੧॥ (੧੧੦੮)

ਵਲ ਨਹੀਂ ਆਉਂਦਾ ਕਿ ਕਿੰਜ, ਉਸ ਅਕਾਲ ਪੁਰਖ ਅਗੇ ਜੋਦੜੀ ਕਰੀਏ ਜੁ ਇਤਨੀ ਵਿਖਲੀਪਤਿ, ਮੋਹ ਮਾਇਆ ਵਿਚ ਗ੍ਰਸੀ, ਵਿਕਾਰਾਂ ਨਾਲ ਲਿਬੜੀ ਹੋਈ ਜਿੰਦ ਐਹੋ ਜਿਹੀਆਂ ਪ੍ਰੇਮ-ਮੁਠੀਆਂ, ਬਿਰਹਾ-ਕੁਠੀਆਂ ਜਿੰਦਾਂ ਦੀ ਰੀਸ ਕਰ ਸਕੇ ? ਜਿੰਦ ਦੀ ਲਾਲਸਾ ਜ਼ਰੂਰ ਹੈ, ਪਰ ਅਚਾਰ ?—

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ...॥੨॥੭॥
[ਮ: ੧, ਸਿਰੀਰਾਗ ਕੀ ਵਾਰ, ਪੰਨਾ ੮੫

ਜਿੰਦ ਪਈ ਲਿਲਕੜੀਆਂ ਲਵੇ—

ਘਰਿ ਆਉ ਪਿਆਰੇ, ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ ॥੬॥ (੧੧੦੮)

ਘਰ ਅੰਦਰ, ਘਟ ਅੰਦਰ ਉਸ ਨੂੰ ਤਕਣ ਲਈ ਤਾਂ ਅਨੇਕਾਂ ਘਾਲਣਾਵਾਂ ਘਾਲਣ ਦੀ ਜ਼ਰੂਰਤ ਹੈ, 'ਖੰਡੇ ਧਾਰਿ ਗਲੀ ਅਤਿ ਭੀੜੀ' ਚੋਂ ਗੁਜ਼ਰਨ ਦੀ ਅਵਸ਼ਕਤਾ ਹੈ, ਪਰ ਕਾਮਾਦਿਕ ਵੈਰੀਆਂ ਦੇ ਹੱਲਿਆਂ ਨਾਲ਼ ਸੰਤਾਪਿਤ ਜਿੰਦ ਰਸਤੇ ਵਿਚ ਹੀ ਡੋਲ ਰਹੀ ਹੈ। ਸਤਿਗੁਰ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਤੋਂ ਬਿਨਾਂ ਇਨ੍ਹਾਂ ਬਲੀ-ਦੂਤਾਂ ਤੋਂ ਜਿੰਦ ਨੂੰ ਬਚਾਈ ਰਖਣਾ ਔਖੇਰਾ ਭਾਸ ਰਿਹਾ ਹੈ—

ਅਵਰਿ ਪੰਚ ਹਮ ਏਕ ਜਨਾ, ਕਿਉ ਰਾਖਉ ਘਰ ਬਾਰ ਮਨਾ ॥
ਮਾਰਹਿ ਲੂਟਹਿ ਨੀਤ ਨੀਤ, ਕਿਸੁ ਆਗੈ ਕਰੀ ਪੁਕਾਰ ਜਨਾ ॥੧॥੧੪॥
[ਗਉੜੀ ਚੇਤੀ ਮ: ੧, ਪੰਨਾ ੧੫੫

ਇਸੇ ਦਾ ਨਤੀਜਾ ਹੈ ਕਿ ਅਤਿ ਸੁਹਾਉਣੇ ਅਤੇ ਲੁਭਾਉਣੇ ਮੌਸਮ ਦੇ ਸਮੇਂ, ਅਸੁਨਿ ਰੁਤਿ ਵਿਚ ਇਹ ਜਿੰਦ ਆਪਣੇ ਮੰਦ ਭਾਗਾਂ ਨੂੰ ਕੁਰਲਾ ਰਹੀ ਹੈ—

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ॥੧੧॥
[ਤੁਖਾਰੀ ਬਾਰਹਮਾਹਾ ਮ: ੧, ਪੰਨਾ ੧੧੦੯

ਜਦੋਂ ਦੀ, ਇਸ ਸੰਸਾਰਕ, ਝੂਠੀ ਮੋਹ-ਪ੍ਰੀਤ ਵਿਚ ਜਕੜੀ ਖਜਲ ਖੁਆਰ ਹੋ ਰਹੀ ਹਾਂ, ਉਦੋਂ ਤੋਂ ਹੀ ਪ੍ਰੀਤਮ ਤੋਂ ਵਿਛੜੀ ਪਈ ਹਾਂ। ਪਿਲਛੀ ਤੇ ਕਾਹੀ (ਅਸੂ ਵਿਚ ਇਨ੍ਹਾਂ ਤੇ ਬੂਰ ਪੈਂਦਾ ਹੈ) ਦੇ ਚਿੱਟੇ ਬੂਰ ਵਾਂਗ ਕੇਸ ਸਫ਼ੈਦ ਹੋ ਗਏ ਹਨ। ਭਰ ਜੁਆਨੀ ਦੀ ਮਸਤੀ ਰੂਪੀ ਗਰਮੀ ਵਿਅਰਥ ਬੀਤਣ ਪਿਛੋਂ ਬੁਢਾਪੇ ਅਤੇ ਕਮਜ਼ੋਰੀ ਰੂਪੀ ਸਰਦੀ ਆ ਰਹੀ ਵੇਖ ਕੇ ਮਨ ਡੋਲ ਰਿਹਾ ਹੈ।

ਇਹ ਹੈ ਦਸ਼ਾ 'ਝੂਠਿ ਵਿਗੁਤੀ ਤਾ ਪਿਰ ਮੁਤੀ' ਛੁਟੜ ਜਿੰਦ ਦੀ।

---

**ਪਾਠਕ ਸਜਣੋ !** ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਉਦੋਂ ਹੀ ਮਨੀ-ਆਰਡਰ ਭੇਜੋ ਜੀ। ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕਟ ਵਧ ਕਰਨੀ ਪੈਂਦੀ ਹੈ। ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ।

**ਚਿਟ ਨੰਬਰ—** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।



www.AKJ.Org

# ਸਲੋਕ ਸਹਸਕ੍ਰਿਤੀ (੮)

[ਅਰਥ ਵਿਆਖਿਆ ਵਲੋਂ ਭਾਈ ਜੁਗਿੰਦਰ ਸਿੰਘ ਜੀ ਤਲਵਾੜਾ]

**ਹੇ ਲੋਭਾ ਲੰਪਟ ਸੰਗ ਸਿਰਮੋਰਹ**
**ਅਨਿਕ ਲਹਰੀ ਕਲੋਲਤੇ ॥**
**ਧਾਵੰਤ ਜੀਆ ਬਹੁ ਪ੍ਰਕਾਰੰ**
**ਅਨਿਕ ਭਾਂਤਿ ਬਹੁ ਡੋਲਤੇ ॥**
**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ**
**ਨਚ ਮਾਤ ਪਿਤਾ ਤਵ ਲਜਯਾ ॥**
**ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ**
**ਅਸਾਜ੍ਯੰ ਸਾਜਿ ਸਮਜਯਾ ॥**
**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ**
**ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥੪੮॥**

**ਪਦ ਅਰਥ** :—ਲੰਪਟ—ਲਿਪਟਿਆ ਹੋਇਆ, ਗਲਤਾਨ। ਸਿਰਮੋਰਹ—ਸ਼੍ਰੋਮਣੀ, ਮੁਖੀ ਬੰਦੇ। ਕਲੋਲਤੇ—ਕਲੋਲ ਕਰਦੇ ਹਨ। ਧਾਵੰਤ—ਦੌੜਦੇ ਹਨ। ਜੀਆ—ਪ੍ਰਾਣੀ। ਨਚ—ਨਹੀਂ ਹੈ। ਇਸਟੰ—ਪਿਆਰੇ। ਬਾਧਵ—ਸਨਬੰਧੀ। ਤਵ—ਤੇਰਿਆਂ ਨੂੰ, ਭਾਵ ਤੇਰੇ ਵਸ ਵਿਚ ਹੋਏ ਜੀਵਾਂ ਨੂੰ। ਲਜਯਾ—ਸ਼ਰਮ, ਹਯਾ। ਅਕਰਣੰ—ਨ ਕਰਨ ਜੋਗ। ਕਰੋਤਿ—ਕਰਦਾ ਹੈ। ਅਖਾਦ੍ਯਿ—ਨਾ ਖਾਣ ਜੋਗ, ਅਭੱਖ। ਖਾਦ੍ਯੰ—ਖਾਂਦਾ ਹੈ। ਅਸਾਜ੍ਯੰ—ਅਯੋਗ ਅਡੰਬਰ। ਸਾਜਿ—ਸਾਜਦਾ ਹੈ, ਅਡੰਬਰਦਾ ਹੈ। ਸਮਜਯਾ—ਸਭਾ ਜਾਂ ਮੰਡਲੀ ਵਿਚ ਬੈਠ ਕੇ, ਭਾਵ ਨਿਰਲਜ ਹੋ ਕੇ। ਤ੍ਰਾਹਿ—ਤ੍ਰਾਹਿਮਾਨ, ਰਖ ਲੈ, ਬਚਾ ਲੈ। ਬਿਗ੍ਯਾਪ੍ਤਿ—ਬੇਨਤੀ। ਹਰਿ ਨਰਹਰਹ—ਹਰੀ ਪ੍ਰਭੂ।੪੮।

**ਅਰਥ** :—ਹੁਣ ਚੌਥੇ ਵਿਕਾਰ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ :—

ਹੇ ਲੋਭ! ਵੱਡੇ ਵੱਡੇ ਸਿਰਕਢ ਬੰਦੇ ਵੀ ਤੇਰੇ ਵਿਚ ਲੰਪਟ (ਗਲਤਾਨ) ਹੋਏ ਹੋਏ, ਤੇਰੀਆਂ ਅਨਿਕ-ਭਾਂਤੀ ਲੋਭ-ਲਹਿਰਾਂ ਵਿਚ ਫਸੇ ਹੋਏ, ਅਜੀਬ ਅਜੀਬ ਕਲੋਲ (ਹਾਵ-ਭਾਵ) ਕਰਦੇ ਹਨ। (ਤੇਰੇ ਵਸ ਹੋਏ) ਜੀਵ ਬਹੁਤ ਨਸ-ਭਜ ਕਰਦੇ ਹਨ ਅਤੇ ਕਈ ਤਰ੍ਹਾਂ (ਦੁਆਰਹਿ ਦੁਆਰਿ ਸੁਆਨ ਜਿਉ ਡੋਲਤ) ਡੋਲਦੇ ਫਿਰਦੇ ਹਨ। ਤੇਰੇ ਵਸ ਹੋਏ ਜੀਵਾਂ ਨੂੰ ਨਾ ਮਿਤਰਾਂ ਦੀ, ਨਾ ਪਿਆਰਿਆਂ ਦੀ, ਨਾ ਸਨਬੰਧੀਆਂ ਦੀ ਅਤੇ ਨਾ ਮਾਤਾ ਪਿਤਾ ਦੀ, (ਇਨ੍ਹਾਂ ਵਿਚੋਂ ਕਿਸੇ ਦੀ ਵੀ) ਸ਼ਰਮ ਹਯਾ ਨਹੀਂ ਰਹਿੰਦੀ। (ਲੋਭ-ਹਲਕਾਇਆ ਮਨੁੱਖ) ਨਾ ਕਰਨ ਜੋਗ ਕੰਮ ਕਰਦਾ ਹੈ, ਨਾ ਖਾਣ ਜੋਗ (ਅਭੱਖ) ਪਦਾਰਥ ਖਾਂਦਾ ਹੈ ਅਤੇ ਨਿਰਲੱਜ ਹੋ ਕੇ ਕਈ ਅਯੋਗ ਅਡੰਬਰ ਅਡੰਬਰਦਾ ਹੈ।

ਮੈਂ ਨਾਨਕ ਦੀ ਬੇਨਤੀ ਹੈ ਕਿ ਹੇ ਨਰਹਰ ਸੁਆਮੀ! ਮੈਂ ਤੇਰੀ ਸ਼ਰਨ ਹਾਂ, (ਇਸ ਬੁਰੀ ਬਲਾ ਲੋਭ ਤੋਂ) ਮੈਨੂੰ ਬਚਾ ਲੈ, ਬਚਾ ਲੈ !!੪੮।

**ਸਾਰੰਸ਼** :—ਲੋਭ-ਹਲਕਾਇਆ ਜੀਵ ਆਪਣਾ ਪਰਾਇਆ ਅਤੇ ਯੋਗ ਅਯੋਗ ਨਹੀਂ ਵੇਖਦਾ, ਨਿਰਲੱਜ ਹੋ ਕੇ ਸ਼ਰਮਨਾਕ ਹਰਕਤਾਂ ਕਰਦਾ ਹੈ। ਵਾਹਿਗੁਰੂ ਦੀ ਸ਼ਰਨ ਲਿਆਂ ਹੀ ਇਸ ਲੋਭ ਤੋਂ ਬਚ ਸਕੀਦਾ ਹੈ।

**ਹੇ ਜਨਮ ਮਰਣ ਮੂਲੰ**
**ਅਹੰਕਾਰੰ ਪਾਪਾਤਮਾ ॥**


www.AKJ.Org

ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ
ਅਨਿਕ ਮਾਯਾ ਬਿਸ੍ਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ
ਦੁਖ ਸੁਖ ਬਹੁ ਭੋਗਣਹ ॥
ਭ੍ਰਮ ਭਯਾਨ ਉਦਿਆਨ ਰਮਣੰ
ਮਹਾ ਬਿਕਟ ਅਸਾਧ ਰੋਗਣਹ ॥
ਬੈਦੰ ਪਾਰਬ੍ਰਹਮ ਪਰਮੇਸ੍ਵਰ
ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥

**ਪਦ ਅਰਥ** :–ਪਾਪਾਤਮਾ–ਦੁਸ਼ਟ ਆਤਮਾ, ਭਾਵ ਆਤਮਾ ਨੂੰ ਭ੍ਰਿਸ਼ਟ ਕਰ ਦੇਣ ਵਾਲਾ। ਤਜੰਤਿ–ਛਡਦਾ ਹੈਂ। ਸਤ੍ਰੰ–ਸ਼ਤਰੂ, ਵੈਰੀ। ਦ੍ਰਿੜੰਤਿ–ਦ੍ਰਿੜ੍ਹ ਕਰਦਾ ਹੈ, ਪੱਕਾ ਕਰਦਾ ਹੈ। ਮਾਯਾ ਬਿਸੀਰਨਹ–ਮਾਇਆ ਦੇ ਖਿਲਾਰੇ ਖਿਲਾਰਦਾ ਹੈਂ। ਆਵੰਤ ਜਾਵੰਤ–ਆਉਂਦੇ ਜਾਂਦੇ, ਭਾਵ ਜੰਮਦੇ ਮਰਦੇ। ਤ ਥਕੰਤ–ਥਕਜਾਂਦਾ ਹੈ। ਭੋਗਣਹ–ਭੋਗਦਾ ਹੈ। ਭ੍ਰਮ ਭਯਾਨ ਉਦਿਆਨ–ਭੰਰਮਾਂ ਦੇ ਭਿਆਨਕ ਜੰਗਲਾਂ ਵਿਚ। ਰਮਣੰ–ਰਮਣ ਕਰਦਾ ਹੈ, ਭਟਕਦਾ ਹੈ। ਮਹਾ ਬਿਕਟ–ਬਹੁਤ ਡਰਾਉਣੇ। ਅਸਾਧ–ਲਾ-ਇਲਾਜ, ਜਿਸ ਦਾ ਇਲਾਜ ਨਹੀਂ ਹੋ ਸਕਦਾ। ਬੈਦੰ–ਵੈਦ।੪੯।

ਪੰਜਵੇਂ ਵਿਕਾਰ ਹੰਕਾਰ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ :–

**ਅਰਥ** :–ਹੇ ਜਨਮ ਮਰਨ ਦੇ ਮੂਲ, ਆਤਮਾ ਨੂੰ ਪਾਪਾਂ ਨਾਲ ਭ੍ਰਿਸ਼ਟ ਕਰ ਦੇਣ ਵਾਲੇ ਹੰਕਾਰ! ਤੂੰ ਅਨਿਕ ਪ੍ਰਕਾਰੀ ਮਾਇਆ ਦਾ ਖਿਲਾਰਾ ਇਸ ਤਰ੍ਹਾਂ ਖਿਲਾਰਦਾ ਹੈਂ ਕਿ ਤੇਰੇ ਅਸਰ ਅਧੀਨ ਜੀਵ ਮਿਤਰਾਂ ਨੂੰ ਤਿਆਗਦੇ ਹਨ ਅਤੇ ਵੈਰੀਆਂ ਨਾਲ ਗੂੜ੍ਹੀ ਮਿਤਰਤਾ ਗੰਢਦੇ ਹਨ। ਤੇਰੇ ਵਸ ਹੋਏ ਜੀਵ ਆਉਂਦੇ ਜਾਂਦੇ, ਭਾਵ, ਜੰਮਦੇ ਮਰਦੇ ਥਕ-ਟੁੱਟ ਜਾਂਦੇ ਹਨ ਅਤੇ ਸੁਖ ਦੇ ਭੁਲੇਖੈ ਬਹੁਤ ਦੁਖ ਭੋਗਦੇ ਰਹਿੰਦੇ ਹਨ।(ਹੇ ਅਹੰਕਾਰ! ਤੇਰੇ ਵਸ ਹੋਏ ਜੀਵ) ਭਰਮ ਦੇ ਡਰਾਉਣੇ ਜੰਗਲ ਵਿਚ ਭਟਕਦੇ ਰਹਿੰਦੇ ਹਨ, (ਤੂੰ ਜੀਵਾਂ ਨੂੰ) ਲਾ-ਇਲਾਜ ਤੇ ਭਿਆਨਕ ਰੋਗ ਹੋ ਕੇ ਚਮੜਿਆ ਹੋਇਆ ਹੈਂ।

ਨਾਨਕ! (ਇਸ ਅਸਾਧ ਰੋਗ–ਹੰਕਾਰ–ਦੇ ਕਟਣਹਾਰ) ਵੈਦ ਪਰਮਾਤਮਾ ਪਰਮੇਸਰ ਜੀ ਹਨ, ਇਸ ਲਈ ਉਸ ਵਾਹਿਗੁਰੂ ਦੇ ਨਾਮ ਦੇ ਜਾਪ ਨੂੰ ਨਿਰੰਤਰ ਜਪਣਾ ਚਾਹੀਏ।੪੯।

**ਸਾਰੰਸ਼**:–ਹੰਕਾਰ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਜੀਵ ਆਪਣਿਆਂ ਨੂੰ ਬਿਗਾਨੇ ਬਣਾਂਦਾ ਹੈ। ਹੰਕਾਰ ਹੀ ਜਨਮ ਮਰਨ ਦੇ ਗੇੜ ਦਾ ਮੂਲ ਹੈ। ਇਹ ਅਸਾਧ ਰੋਗ ਹੈ ਤੇ ਇਸ ਨੂੰ ਕਟਣਹਾਰ ਵੈਦ ਵਾਹਿਗੁਰੂ ਹੈ। ਉਸ ਦਾ ਸਿਮਰਨ ਕਰਨਾ ਚਾਹੀਦਾ ਹੈ।

ਹੇ ਪ੍ਰਾਨ ਨਾਥ ਗੋਬਿੰਦਹ
ਕ੍ਰਿਪਾ ਨਿਧਾਨ ਜਗਦਗੁਰੋ ॥
ਹੇ ਸੰਸਾਰ ਤਾਪ ਹਰਣਹ
ਕਰੁਣਾਮੈ ਸਭ ਦੁਖ ਹਰੋ ॥
ਹੇ ਸਰਣਿ ਜੋਗ ਦਯਾਲਹ
ਦੀਨਾ ਨਾਥ ਮਯਾ ਕਰੋ ॥
ਸਰੀਰ ਸ੍ਵਸਥ ਖੀਣ ਸਮਏ



www.AKJ.Org

**ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੫੦॥**

**ਪਦ ਅਰਥ** :-ਪ੍ਰਾਣ ਨਾਥ-ਪ੍ਰਾਣਾਂ ਦੇ ਮਾਲਕ। ਕ੍ਰਿਪਾਨਿਧਾਨ-ਕਿਰਪਾ ਦੇ ਖ਼ਜ਼ਾਨੇ। ਜਗਦਗੁਰੋ-ਜਗਤ ਦੇ ਗੁਰੂ। ਸੰਸਾਰ ਤਾਪ ਹਰਣਹ-ਸੰਸਾਰ ਦੇ ਤਾਪ ਨਾਸ ਕਰਨ ਵਾਲੇ। ਕਰੁਣਾਮੈ-ਕਿਰਪਾ ਸਰੂਪ, ਕਿਰਪਾ ਦੇ ਮੁਜੱਸਮੇ (ਪੰਜ)। ਹਰੋ-ਦੂਰ ਕਰੋ। ਸਰਣਿ ਜੋਗ-ਸ਼ਰਨ ਦੇਣ ਦੇ ਸਮਰੱਥ, ਸ਼ਰਨ-ਸੂਰ। ਦਯਾਲਹ-ਦਯਾ+ਆਲਯ, ਦਇਆ ਦੇ ਘਰ। ਦੀਨਾ ਨਾਥ-ਦੀਨਾਂ ਦੁਖੀਆਂ ਦੇ ਰਖਵਾਲੇ। ਮਯਾ-ਮੇਹਰ, ਕਿਰਪਾ। ਸ੍ਵਸਥ-ਅਰੋਗ। ਖੀਣ-ਨਿਰਬਲ, ਰੋਗੀ। ਦਾਮੋਦਰ ਮਾਧਵਹ-ਵਾਹਿਗੁਰੂ।੫੦।

**ਅਰਥ** :-ਹੇ ਪ੍ਰਾਣਾਂ ਦੇ ਰਖਿਅਕ ਕਿਰਪਾ ਦੇ ਸਾਗਰ ਜਗਤ ਦੇ ਗੁਰੂ ਗੋਬਿੰਦ ਜੀ! ਹੇ ਸੰਸਾਰ ਦੇ ਤਾਪ ਨਾਸ ਕਰਨ ਵਾਲੇ ਤੇ ਦਇਆ ਸਰੂਪ ਪ੍ਰਭੂ ਜੀ! ਮੇਰੇ ਸਾਰੇ ਹੀ ਦੁਖ-ਕਲੇਸ਼ ਦੂਰ ਕਰੋ ਜੀ।

ਹੇ ਸ਼ਰਨ-ਪਾਲਣ ਜੋਗ ਦਇਆ ਦੇ ਘਰ (ਪ੍ਰਭੂ ਜੀ)! ਹੇ ਦੀਨ-ਦੁਖੀਆਂ ਦੇ ਰਾਖੇ (ਪ੍ਰਭੂ ਜੀ)! ਇਹ ਤਰਸ ਕਰੋ ਜੀ, ਮੈਂ ਨਾਨਕ ਦਾ ਸਰੀਰ ਭਾਵੇਂ ਅਰੋਗ ਹੋਵੇ ਜਾਂ (ਰੋਗ ਕਰਕੇ) ਖੀਨ ਅਥਵਾ ਨਿਰਬਲ ਹੋਵੇ, ਹਰ ਸਮੇਂ ਤੈਂ ਰਾਮ ਦਮੋਦਰ (ਵਾਹਿਗੁਰੂ) ਜੀ ਦਾ ਨਾਮ ਸਿਮਰਦਾ ਹੀ ਰਵੇ।੫੦।

**ਸਾਰੰਸ਼** :-ਹਰ ਸਮੇਂ ਤੇ ਹਰ ਹਾਲਤ ਵਿਚ ਪ੍ਰਭੂ ਪਾਸੋਂ ਉਸ ਦੇ ਨਾਮ-ਸਿਮਰਨ ਦੀ ਹੀ ਜਾਚਨਾ ਕਰਨੀ ਚਾਹੀਦੀ ਹੈ।

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥

[ਸੂਹੀ ਅਸ: ਮ: ੪, ਪੰਨਾ ੭੫੭

**ਚਰਣ ਕਮਲ ਸਰਣੰ**
**ਰਮਣੰ ਗੋਪਾਲ ਕੀਰਤਨਹ ॥**
**ਸਾਧ ਸੰਗੇਣ ਤਰਣੰ**
**ਨਾਨਕ ਮਹਾ ਸਾਗਰ ਭੈ ਦੁਤਰਹ ॥੫੧॥**

**ਪਦ ਅਰਥ** :-ਸਰਣੰ-ਸ਼ਰਨ, ਓਟ। ਰਮਣੰ-ਜਪਣ ਨਾਲ, ਉਚਾਰਨ ਨਾਲ। ਸਾਧ ਸੰਗੇਣ-ਸਾਧ ਸੰਗਤ। ਤਰਣੰ-ਤਰ ਜਾਈਦਾ ਹੈ। ਭੈ-ਭਿਆਨਕ। ਦੁਤਰਹ-ਔਖਾ ਤਰਿਆ ਜਾਣ ਵਾਲਾ (ਸੰਸਾਰ ਸਮੁੰਦਰ)।੫੧।

**ਅਰਥ** :-(ਪ੍ਰਭੂ ਦੇ) ਚਰਨ ਕਮਲਾਂ ਦੀ ਓਟ ਲੈ ਕੇ ਸਾਧ ਸੰਗਤ ਵਿਚ ਜੁੜ ਕੇ ਗੋਪਾਲ ਪ੍ਰਭੂ ਦੇ ਗੁਣ ਗਾਇਨ ਕਰਨ ਨਾਲ ਮਹਾਂ ਭਿਆਨਕ ਅਤੇ ਔਖਾ ਤਰਿਆ ਜਾਣ ਵਾਲਾ ਭਵ ਸਾਗਰ (ਸੁਖੈਨ ਹੀ) ਤਰਿਆ ਜਾ ਸਕਦਾ ਹੈ।੫੧।

**ਸਾਰੰਸ਼** :- ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥
ਸਾਧ ਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥੫੨॥

[ਬਿਲਾਵਲੁ ਮ: ੫, ਪੰਨਾ ੮੧੩-੧੪

**ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ**
**ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ ॥**
**ਆਤਮ ਰਖ੍ਯਾ ਗੋਪਾਲ ਸੁਆਮੀ**
**ਧਨ ਚਰਣ ਰਖ੍ਯਾ ਜਗਦੀਸ੍ਵਰਹ ॥**
**ਸਰਬ ਰਖ੍ਯਾ ਗੁਰ ਦਯਾਲਹ**


www.AKJ.Org

ਭੈ ਦੂਖ ਬਿਨਾਸਨਹ ॥
ਭਗਤਿ ਵਛਲ ਅਨਾਥ ਨਾਥੇ
ਸਰਣਿ ਨਾਨਕ ਪੁਰਖ ਅਚੁਤਹ ॥੫੨॥

**ਪਦ ਅਰਥ** :–ਮਸ੍ਤਕ–ਮਸਤਕ । ਰਖ੍ਯਾ–ਰਖਿਅਕ । ਹਸ੍ਤ–ਹੱਥ । ਕਾਯਾ–ਕਾਇਆਂ, ਦੇਹੀ । ਆਤਮ–ਆਤਮਾ, ਜਿੰਦ । ਆਤਮ–ਆਤਮਾ ਦਾ । ਧਨ–ਧਨ ਸੰਪਤੀ ਦਾ । ਜਗਦੀਸ੍ਵਰਹ–ਜਗਤ ਦਾ ਈਸ਼ਵਰ, ਪ੍ਰਭੂ । ਗੁਰ–ਵੱਡਾ । ਦਯਾਲਹ–ਦਿਆਲੂ ਵਾਹਿਗੁਰੂ । ਗੁਰ ਦਯਾਲਹ–ਵੱਡਾ ਦਿਆਲੂ ਪ੍ਰਭੂ । ਭੈ ਦੂਖ ਬਿਨਾਸਨਹ- ਡਰਾਂ ਤੇ ਦੁਖਾਂ ਦਾ ਨਾਸ ਕਰਨ ਵਾਲਾ । ਭਗਤਿ ਵਛਲ–ਭਗਤੀ ਕਰਨ ਵਾਲਿਆਂ ਦਾ ਪਿਆਰਾ । ਪੁਰਖ ਅਚੁਤਹ–ਅਬਿਨਾਸ਼ੀ ਪੁਰਖ ਦੀ ।੫੨।

**ਅਰਥ** :–ਸਿਰ ਅਤੇ ਮੱਥੇ ਨੂੰ ਪਾਰਬ੍ਰਹਮ ਦੀ ਰੱਖਿਆ ਹੈ । ਹੱਥਾਂ ਅਤੇ ਬਾਕੀ ਸਰੀਰ ਨੂੰ ਪਾਰਬ੍ਰਹਮ ਦੀ ਰੱਖਿਆ ਹੈ । ਆਤਮਾ ਨੂੰ ਗੋਪਾਲ ਸੁਆਮੀ ਦੀ ਰੱਖਿਆ ਹੈ । ਧਨ ਸੰਪਤੀ ਨੂੰ ਜਗਦੀਸ਼ਰ ਦੇ ਚਰਨਾਂ ਦੀ ਰੱਖਿਆ ਹੈ । ਸਰਬੱਤ ਜੀਵਾਂ ਨੂੰ ਹਰ ਤਰ੍ਹਾਂ ਨਾਲ ਦਇਆਲ ਗੁਰੂ ਦੀ ਰੱਖਿਆ ਹੈ, ਜੋ ਡਰ ਅਤੇ ਦੁਖਾਂ ਦਾ ਨਾਸ਼ ਕਰਨ ਵਾਲਾ ਹੈ ।

ਅਜਿਹੇ ਭਗਤੀ (ਕਰਨ ਵਾਲਿਆਂ) ਦੇ ਪਿਆਰੇ, ਅਨਾਥਾਂ ਦੇ ਨਾਥ, ਅਬਿਨਾਸ਼ੀ ਪੁਰਖ ਪ੍ਰਭੂ ਜੀ ਦੀ ਮੈਂ ਨਾਨਕ ਚਰਨ-ਸ਼ਰਨ ਵਿਚ ਹਾਂ ।੫੨।

**ਸਾਰੰਸ਼** :–ਵਾਹਿਗੁਰੂ ਜੀ ਪ੍ਰਾਣੀ ਮਾਤਰ ਦੇ ਸਰੀਰ ਤੇ ਜਿੰਦ ਦੇ ਰਖਵਾਲੇ ਹਨ, ਇਸ ਲਈ ਸਦਾ ਉਹਨਾਂ ਦੀ ਸ਼ਰਨ ਲੈਣੀ ਬਣਦੀ ਹੈ ।

ਜੇਨ ਕਲਾ ਧਾਰਿਓ ਆਕਾਸੰ
ਬੈਸੰਤਰੰ ਕਾਸਟ ਬੇਸਟੰ ॥
ਜੇਨ ਕਲਾ ਸਸਿ ਸੂਰ ਨਖ੍ਯਤ੍ਰ ਜੋਤਿੵੰ
ਸਾਸੰ ਸਰੀਰ ਧਾਰਣੀ ॥
ਜੇਨ ਕਲਾ ਮਾਤ ਗਰਭ ਪ੍ਰਤਿਪਾਲੰ
ਨਹ ਛੇਦੰਤ ਜਠਰ ਰੋਗਣਹ ॥
ਤੇਨ ਕਲਾ ਅਸਥੰਭੰ ਸਰੋਵਰੰ ॥
ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥੫੩॥

**ਪਦ ਅਰਥ** :–ਜੇਨ–ਜਿਸ ਨੇ । ਕਲਾ–ਸ਼ਕਤੀ, ਤਾਕਤ । ਬੈਸੰਤਰੰ–ਅਗਨੀ । ਕਾਸਟ–ਲਕੜੀ । ਬੇਸਟੰ–ਵੇੜ੍ਹਿਆ ਹੈ, ਸੰਪਟ ਕੀਤਾ ਹੈ । ਸਸਿ–ਚੰਦਰਮਾ । ਸੂਰ–ਸੂਰਜ । ਨਖ੍ਯਤ੍ਰ–ਤਾਰੇ । ਜੋਤਿੵੰ–ਜੋਤੀ, ਪ੍ਰਕਾਸ਼ । ਸਾਸੰ–ਸਵਾਸ । ਧਾਰਣੰ–ਟਿਕਾਏ ਹੋਏ ਹਨ । ਮਾਤ ਗਰਭ–ਮਾਤਾ ਦੇ ਪੇਟ ਵਿਚ । ਪ੍ਰਤਿਪਾਲੰ–ਪ੍ਰਤਿਪਾਲਣਾ । ਛੇਦੰਤ–ਨਾਸ਼ ਹੋਣਾ । ਜਠਰ ਰੋਗਣਹ–ਮਾਤਾ ਦੇ ਪੇਟ ਦੇ ਰੋਗ । ਤੇਨ–ਉਸ ਨੇ । ਅਸਥੰਭੰ–ਥੰਭ, ਸਹਾਰਾ, ਅਸਥਿਰਤਾ । ਸਰੋਵਰੰ–ਸਮੁੰਦਰ । ਨਹ ਛਿਜੰਤਿ–ਨਾਸ਼ ਨਹੀਂ ਹੁੰਦੀ (ਧਰਤੀ) । ਤਰੰਗ ਤੋਯਣਹ–ਪਾਣੀ ਦੀਆਂ ਛਲਾਂ ।੫੩।

**ਅਰਥ** :–ਜਿਸ (ਸ਼ਕਤੀਮਾਨ ਪ੍ਰਭੂ) ਨੇ ਆਪਣੀ ਸ਼ਕਤੀ ਨਾਲ ਅਕਾਸ਼ ਨੂੰ (ਥੰਮ੍ਹਾਂ ਦੇ ਬਗੈਰ) ਟਿਕਾਇਆ ਹੋਇਆ ਹੈ ਅਤੇ ਲਕੜੀ ਵਿਚ ਅਗਨੀ ਨੂੰ ਸੰਪਟ ਕੀਤਾ ਹੈ । ਜਿਸ (ਪ੍ਰਭੂ) ਨੇ ਆਪਣੀ ਸਤਿਆ ਨਾਲ (ਜਗਤ ਨੂੰ ਪ੍ਰਕਾਸ਼ ਦੇਣ ਵਾਲੇ) ਚੰਦਰਮਾ, ਸੂਰਜ ਤੇ ਤਾਰਿਆਂ ਨੂੰ ਸਦੀਵੀ ਜੋਤੀ ਬਖ਼ਸ਼ੀ ਹੋਈ ਹੈ ਅਤੇ (ਨੌਂ ਦੁਆਰਿਆਂ ਵਾਲੇ) ਸਰੀਰਾਂ ਵਿਚ ਸਵਾਸ ਟਿਕਾਏ ਹੋਏ ਹਨ । ਜਿਸ ਪ੍ਰਭੂ ਨੇ ਆਪਣੀ ਕਲਾ ਨਾਲ ਮਾਤਾ


www.AKJ.Org

ਦੇ ਗਰਭ ਵਿਚ ਜੀਵ ਦੀ ਪ੍ਰਤਿਪਾਲਣਾ ਦੀ ਬਿਧਿ ਬਣਾਈ ਹੋਈ ਹੈ, ਜਿਸ ਸਦਕਾ ਮਾਤਾ ਦਾ ਜਠਰ ਰੋਗ (ਗਰਭ-ਅਗਨਿ) ਜੀਵ ਨੂੰ ਨਾਸ ਨਹੀਂ ਕਰ ਸਕਦਾ ।

'ਨਾਨਕ' ! ਉਸੇ (ਪ੍ਰਭੂ) ਨੇ ਆਪਣੀ ਸ਼ਕਤੀ ਨਾਲ (ਜੀਵ ਨੂੰ ਇਸ) ਸੰਸਾਰ-ਸਮੁੰਦਰ ਵਿਚ ਵੀ ਆਸਰਾ ਦਿਤਾ ਹੋਇਆ ਹੈ, (ਜਿਸ਼ ਸਦਕਾ) ਸਾਗਰ ਦੇ ਪਾਣੀ ਦੀਆਂ ਮਾਰੂ ਛਲਾਂ ਜੀਵ ਦਾ ਨਾਸ ਨਹੀਂ ਕਰ ਸਕਦੀਆਂ ।੫੩।

**ਸਾਰੰਸ਼** :–ਬ੍ਰਹਿਮੰਡ ਦੇ ਸਾਰੇ ਨਖਿਅਤਰਾਂ ਤੇ ਪਦਾਰਥਾਂ ਵਿਚ ਪ੍ਰਭੂ ਦੀ ਸਤਿਆ ਕੰਮ ਕਰ ਰਹੀ ਹੈ । ਉਸੇ ਦੀ ਸਤਿਆ ਜੀਵਾਂ ਨੂੰ ਆਸਰਾ ਬਖਸ਼ ਕੇ ਏਹਨਾਂ ਦੀ ਵਿਰੋਧੀ ਤਾਕਤਾਂ ਤੋਂ ਰੱਖਿਆ ਕਰਦੀ ਹੈ ।

ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਰਕਤ ਕਿਰਮ ਮਹਿ ਨਹੀ ਸੰਘਾਰਿਆ ॥
ਅਪਨਾ ਸਿਮਰਨੁ ਦੇ ਪ੍ਰਤਿਪਾਲਿਆ ਓਹੁ ਸਗਲ ਘਟਾ ਕਾ ਮਾਲਕਾ ॥
[ਮਾਰੂ ਮ: ੫, ਸੋਲਹੇ, ਪੰਨਾ ੧੦੮੪

---

# ਤੇਰਾ ਮੈਖ਼ਾਨਾ

[ਵਲੋਂ–ਰਣਜੀਤ ਸਿੰਘ ਜੀ 'ਰਾਏ', ਯੂ. ਕੇ.]

ਤੇਰੇ ਮੈਖਾਨੇ ਵਿਚੋਂ ਜਿਹੜਾ, ਦੋ ਘੁੱਟਾਂ ਪੀ ਜਾਵੇ, ਛੱਡ ਦੇਵੇ [ਉਹ ਝੂਠੀ ਮਦਰਾ, ਮੁੜ ਕੇ ਮੂੰਹ ਨਾ ਲਾਵੇ ।
ਮੈਅ ਤੇਰੀ ਵਿਚ ਨਸ਼ਾ ਅਨੋਖਾ,ਸਦਾ ਸਦਾ ਜੋ ਰਹਿੰਦਾ,ਬੁਜ਼ਦਿਲ ਅਤੇ ਕਾਇਰਾਂ ਨੂੰ ਇਹ, ਗਿੱਦੜੋਂ ਸ਼ੇਰ ਬਣਾਵੇ।
ਰਿੰਦ ਤੇਰੇ ਮੈਖਾਨੇ ਦੇ ਨੇ, ਕਰਦੇ ਕੌਮ-ਉਸਾਰੀ, ਹੱਸ ਕੇ ਸੱਭੇ ਜਾਨਾਂ ਵਾਰਨ, ਕੋਈ ਨਾ ਪਿੱਠ ਵਿਖਾਵੇ ।
ਨੀਹਾਂ ਵਿਚ ਕੋਈ ਚਿਣਿਆ ਜਾਵੇ ਚਰਖੀ ਤੇ ਕੋਈ ਚੜ੍ਹਦਾ,ਧਰਮ ਬਚਾਵਣ ਖ਼ਾਤਰ ਕੋਈ, ਬੰਦ ਬੰਦ ਕਟਵਾਵੇ ।
ਮੈਅ ਤੇਰੀ ਦੀ ਮਸਤੀ ਅੰਦਰ, ਮਸਤੀ ਹੈ ਉਹ ਵਸਦੀ, ਹੱਕ ਨੂੰ ਲੁਟਣਾ ਜੋ ਨਾ ਚਾਹੁੰਦੀ, ਉਹ ਤਾਂ ਹੱਕ ਦਿਵਾਵੇ।
ਇਸ ਮੈਅ ਨੂੰ ਸਭ ਪੀਵਣ ਵਾਲੇ,ਜ਼ੁਲਮ ਦੇ ਪੱਕੇ ਵੈਰੀ,ਜ਼ੁਲਮ ਕੋਈ ਨਾ ਤੱਕਣਾ ਚਾਹਵੇ,ਹਰ ਕੋਈ ਜ਼ੁਲਮ ਮੁਕਾਵੇ।
ਖੋਪਰ ਸਿਰੋਂ ਲੁਹਾਵੇ ਕੋਈ ਮੈਅ ਤੇਰੀ ਨੂੰ ਪੀ ਕੇ, ਸੀਸ ਕਟਾ ਕੇ ਵੀ ਕੋਈ ਸੂਰਾ, ਯੁਧ ਵਿਚ ਭੜਥੂ ਪਾਵੇ ।
ਜਾਦੂਗਰ ਇਸ ਮੈਅ ਦੀ ਸ਼ਕਤੀ,ਜਿਸ ਦਾ ਕੋਈ ਨਾ ਸਾਨੀ,ਇਸ ਨੂੰ ਪੀਣੇ ਵਾਲਾ'ਰਾਏ',ਹਰ ਕੋਈ ਅਮਰ ਕਰਾਵੇ।

---

## ਮਾਸ ਸ਼ਰਾਬ ਬਾਰੇ

ਦੇਸ ਪਰਦੇਸ ਤੋਂ ਆਈਆਂ ਚਿਠੀਆਂ ਦੇ ਉਤਰ ਵਿਚ ਬੇਨਤੀ ਹੈ ਕਿ ਉਪਰੋਕਤ ਵਿਸ਼ੇ ਬਾਰੇ 'ਸੂਰਾ' ਵਿਚ ਪਹਿਲਾਂ ਦੋ ਸਾਲ ਦੇ ਕਰੀਬ ਲਗਾਤਾਰ ਕਿਸ਼ਤਾਂ ਵਿਚ ਸ: ਜੇ. ਪੀ. ਸੰਗਤ ਸਿੰਘ ਜੀ ਬੰਬਈ ਵਾਲਿਆਂ ਦੇ ਖੋਜ-ਪੂਰਤ ਲੇਖ ਛਪਦੇ ਰਹੇ ਹਨ ਅਤੇ ਉਸ ਤੋਂ ਬਾਅਦ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਬੜੇ ਠੋਸ, ਨਿਗਰ ਤੇ ਬਾ-ਦਲੀਲ ਲੇਖ ਗੁਰਬਾਣੀ, ਗੁਰ-ਇਤਿਹਾਸ ਅਤੇ ਰਹਿਤਨਾਮਿਆਂ ਦੇ ਆਧਾਰ ਤੇ ਛਾਪੇ ਗਏ ਸਨ । ਇਹ ਪੁਸਤਕ ਰੂਪ ਵਿਚ ਛਾਪ ਦਿਤੇ ਗਏ ਹੋਏ ਹਨ । ਇਨ੍ਹਾਂ ਤੋਂ ਬਿਨਾਂ ਸਭ ਤੋਂ ਪਹਿਲਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਕ ਪੁਸਤਕ ਇਸ ਵਿਸ਼ੇ ਬਾਰੇ ਛਪੀ ਹੋਈ ਹੈ, ਜੋ ਗੁਰਮਤਿ ਨੂੰ ਨਿਤਾਰ ਕੇ ਰਖ ਦਿੰਦੀ ਹੈ ।

ਸੋ ਜਿਹੜੇ ਵੀਰ ਭੈਣਾਂ ਮਾਸ ਸ਼ਰਾਬ ਦੇ ਸੇਵਨ ਬਾਰੇ ਅਸਲੀਅਤ ਜਾਣਨੀ ਚਾਹੁੰਦੇ ਹਨ, ਉਹ ਇਨ੍ਹਾਂ ਪੁਸਤਕ ਨੂੰ ਪੜ੍ਹਨ—

| | | |
|---|---|---|
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ | (ਭਾ: ਸ: ਭਾ: ਰਣਧੀਰ ਸਿੰਘ ਜੀ) | ੩–00 |
| ਸਿਖ ਧਰਮ ਤੇ ਮਾਸ ਸ਼ਰਾਬ | (ਜੇ. ਪੀ. ਸੰਗਤ ਸਿੰਘ ਜੀ, ਬੰਬੇ) | ੫–00 |
| ਤਉ ਕਿਉ ਮੁਰਗੀ ਮਾਰੈ? | (ਭਾਈ ਜੁਗਿੰਦਰ ਸਿੰਘ ਜੀ ਤਲਵਾੜਾ) | 0–੫0 |

---

## ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ

ਇਨ੍ਹਾਂ ਦੋਹਾਂ ਮਹਿੰਗੀਆਂ ਬਾਣੀਆਂ ਦਾ ਟੀਕਾ ਵਖਰੇ ਤੌਰ ਤੇ ਪੁਸਤਕ ਰੂਪ ਵਿਚ ਛਪ ਗਿਆ ਹੈ । ਪੁਸਤਕ ਦੇ 112 ਪੰਨੇ ਹਨ । 'ਸੂਰਾ' ਪੱਤਰ ਦੇ ਪਾਠਕਾਂ ਨੂੰ ਰਿਐਤੀ ਭੇਟਾ ਸਵਾ ਦੋ ਰੁਪਏ, ਡਾਕ ਖਰਚ ਵਖਰਾ ।



www.AKJ.Org

# ਪੁਤ੍ਰੀਂ ਕਉਲੁ ਨ ਪਾਲਿਓ

[ਵਲੋਂ :–ਬੀਬੀ ਦਲਜੀਤ ਕੌਰ ਜੀ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ]

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ ਬੈਠਾ ਗੁਰ ਹਟੀਐ ॥
ਕਰਹਿ ਜਿ ਗੁਰ ਫੁਰਮਾਇਆ, ਸਿਲ ਜੋਗੁ ਅਲੂਣੀ ਚਟੀਐ ॥
ਲੰਗਰੁ ਚਲੈ ਗੁਰ ਸਬਦਿ ਹਰਿ, ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ, ਆਪ ਖਹਦੀ ਖੈਰਿ ਦਬਟੀਐ ॥
ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥
ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ ॥
ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ, ਬੰਨ੍ਹਿ ਭਾਰੁ ਉਚਾਇਨਿ ਛਟੀਐ ॥
ਜਿਨਿ ਆਖੀ ਸੋਈ ਕਰੇ, ਜਿਨਿ ਕੀਤੀ ਤਿਨੈ ਥਟੀਐ ॥
ਕਉਣੁ ਹਾਰੇ ਕਿਨਿ ਉਵਟੀਐ ॥੨॥ [ਵਾਰ ਸਤਾ ਬਲਵੰਡ ਪੰਨਾ ੯੬੬–੬੭

ਉਪਰਲੀ ਪਉੜੀ ਵਿਚ ਰਬਾਬੀ ਸੱਤਾ ਤੇ ਬਲਵੰਡ ਗੁਰੂ ਅੰਗਦ ਸਾਹਿਬ ਜੀ ਨੂੰ ਗੁਰ-ਗੱਦੀ ਮਿਲਣ ਦਾ ਜ਼ਿਕਰ ਕਰਦੇ ਹਨ। ਇਸ ਵਿਚ ਦੋਹਾਂ ਪੁੱਤਰਾਂ–ਬਾਬਾ ਸ੍ਰੀ ਚੰਦ ਤੇ ਲਖਮੀ ਦਾਸ–ਦਾ ਪਿਤਾ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਤੋਂ ਆਕੀ ਹੋਣਾ ਦਸਿਆ ਹੈ ਅਤੇ ਗੁਰੂ ਅੰਗਦ ਦੇਵ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਸਾਰੀ ਤੇ ਆਗਿਆਕਾਰੀ ਹੋਣਾ ਪ੍ਰਗਟਾਇਆ ਹੈ। ਅੰਤਲੀ ਤੁਕ ਵਿਚ ਸਪੱਸ਼ਟ ਕੀਤਾ ਹੈ ਕਿ ਗੁਰੂ ਦੇ ਬਚਨ ਨਾ ਪਾਲਣ ਵਾਲੇ ਸਾਹਿਬਜ਼ਾਦੇ ਤਾਂ, ਗੁਰੂ-ਦੀਆਂ ਖ਼ੁਸ਼ੀਆਂ ਤੋਂ ਵਿਰਵੇ ਰਹਿ ਕੇ ਬਾਜ਼ੀ ਹਾਰ ਗਏ, ਪਰ (ਗੁਰੂ) ਅੰਗਦ ਸਾਹਿਬ ਸਤਿਗੁਰਾਂ ਦੇ ਬਚਨਾਂ ਤੇ ਸਦਾ ਫੁਲ ਚੜ੍ਹਾਉਣ ਕਰਕੇ, ਗੁਰੂ ਦੀ ਜੋਤਿ ਹੀ ਹੋ ਗਏ, ਗੁਰੂ ਨਾਨਕ ਦੀ ਗਦੀ ਦੇ ਵਾਰਸ ਬਣ ਗਏ ਅਤੇ ਐਉਂ ਇਹ ਬਾਜ਼ੀ ਜਿਤ ਕੇ ਦੀਨ ਦੁਨੀਆ ਦੇ ਵਾਲੀ ਹੋ ਨਿਬੜੇ।

(੨)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਮੋਦੀ ਦੀ ਕਾਰ ਛਡ ਕੇ, ਆਪਣੀ ਸੁਪਤਨੀ (ਮਾਤਾ ਸੁਲੱਖਣੀ) ਅਤੇ ਦੋਹਾਂ ਸਾਹਿਬਜ਼ਾਦਿਆਂ ਦਾ ਮੋਹ ਤੋੜ ਕੇ ਸੁਲਤਾਨਪੁਰੋਂ "ਹੈ ਹੈ ਕਰਦੀ ਲੁਕਾਈ" ਦੇ ਨਿਸ-ਤਾਰੇ ਲਈ ਚਲੇ। ਉਨ੍ਹਾਂ ਨੇ ਤਿੰਨ ਬਹੁਤ ਲੰਮੀਆਂ ਯਾਤਰਾਂ (ਜਿਨ੍ਹਾਂ ਨੂੰ ਉਦਾਸੀਆਂ ਕਹਿੰਦੇ ਹਨ) ਕਰ ਕੇ ਹਿੰਦੂ ਤੀਰਥਾਂ, ਜੋਗੀਆਂ ਦੇ ਮੱਠਾਂ, ਦੇਵ-ਸਥਾਨਾਂ, ਸਾਧਾਂ ਸੰਤਾਂ, ਸੁਮੇਰ ਪਰਬਤ ਦੀਆਂ ਚੋਟੀਆਂ ਅਤੇ ਮੁਸਲਮਾਨਾਂ ਦੇ ਵਡੇ ਵਡੇ ਮੁਕਾਮਾਂ ਮੱਕੇ ਮਦੀਨੇ ਆਦਿ ਦੇਸ਼ਾਂ ਬਦੇਸ਼ਾਂ ਵਿਚ ਪੁਜ ਕੇ ਸੱਚ ਦਾ ਹੋਕਾ ਦਿਤਾ ਅਤੇ ਝੂਠ, ਪਾਖੰਡ ਤੇ ਕੁਫ਼ਰ ਨੂੰ ਨੰਗਿਆਂ ਕਰ ਕੇ ਰਖ ਦਿਤਾ।

ਤਿੰਨ ਉਦਾਸੀਆਂ ਵਿਚ ਸੰਸਾਰ ਭਰ ਦੇ ਦੁਖੀ ਜੀਆਂ-ਜੰਤਾਂ ਦਾ ਉਧਾਰ ਕਰ ਕੇ ਰਾਵੀ-ਕੰਢੇ ਆ ਬਿਰਾਜੇ। ਇਥੇ ਹੀ ਕਰੋੜੀਆ ਨਾਮੇ ਖਤਰੀ ਦਾ ਹੰਕਾਰ ਤੋੜਿਆ ਅਤੇ ਕਰਤਾਰਪੁਰ ਕਸਬਾ ਵਸਾਇਆ। ਕਰਤਾਰਪੁਰ ਵਿਖੇ ਆਪ ਜੋ ਮੁੜ ਗ੍ਰਿਹਸਥੀ ਜੀਵਨ ਬਤੀਤ ਕਰਨ ਲਗੇ। ਉਨ੍ਹਾਂ ਦੀ ਸੁਪਤਨੀ (ਮਾਤਾ ਸੁਲੱਖਣੀ ਜੀ) ਅਤੇ ਸਾਹਿਬਜ਼ਾਦੇ ਵੀ ਇਥੇ ਆ ਗਏ। ਜ਼ਮੀਨ ਦੀ ਵਾਹੀ ਵੀ ਅਰੰਭ ਦਿਤੀ ਗਈ। "ਤਨ ਕਾਰ ਵਿਚ ਤੇ ਮਨ ਯਾਰ ਵਿਚ" ਲਗਾ ਰਹਿੰਦਾ। ਨਿਤਪ੍ਰਤਿ ਕਰਤਾਰਪੁਰ ਵਿਚ ਸਤਸੰਗ ਹੋਣ ਲਗ ਪਏ।



www.AKJ.Org

ਗੁਰੂ ਨਾਨਕ ਪਾਤਸ਼ਾਹ ਦੀ ਉਚੀ ਸੁਚੀ ਰਹਿਣੀ ਬਹਿਣੀ ਅਤੇ ਅਲੌਕਿਕ ਖੇਡਾਂ ਤੱਕ ਤੱਕ ਦੂਰੋਂ ਦੂਰੋਂ ਸਿਖ-ਸੰਗਤਾਂ ਸ੍ਰੀ ਕਰਤਾਰਪੁਰ ਪੁਜਣ ਲਗ ਪਈਆਂ। ਚੌਹੀਂ ਪਾਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀਆਂ ਸੋਆਂ ਪੁਜਣ ਲਗ ਪਈਆਂ।

ਭਾਈ ਲਹਿਣਾ ਜੀ, ਜੋ ਦੇਵੀ ਦੇ ਉਪਾਸ਼ਕ ਸਨ, ਉਨ੍ਹਾਂ ਪਾਸ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀਆਂ ਸੁਗੰਧੀਆਂ ਪੁਜ ਰਹੀਆਂ ਸਨ। ਉਹ ਇਕ ਦੇਵੀ-ਯਤਰਾ ਨੂੰ ਜਾਂਦੇ ਹੋਏ ਗੁਰੂ ਨਾਨਕ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਇਥੋਂ ਦੇ ਹੀ ਹੋ ਕੇ ਰਹਿ ਗਏ। ਜਿਸ ਦਰ ਦੀ ਝਾੜੂ-ਬਰਦਾਰ ਹੋ ਕੇ, ਯਾਤਰਾ ਵਾਲੀ ਦੇਵੀ ਨੇ ਲਹਿਣਾ ਜੀ ਨੂੰ ਪਰਤੱਖ ਅਸਲੀਅਤ ਦਸ ਦਿਤੀ, ਉਸ ਦਰ ਦੇ ਲਹਿਣਾ ਜੀ ਅਨਿੰਨ ਸੇਵਕ ਬਣ ਗਏ। ਗੁਰੂ ਨਾਨਕ ਪਾਤਸ਼ਾਹ ਉਨ੍ਹਾਂ ਨੂੰ ਸਾਖਸ਼ਾਤ ਰੱਬ ਦਿਸਦਾ। ਉਸ ਪਾਤਸ਼ਾਹ ਦੇ ਬਚਨਾਂ ਨੂੰ ਰੱਬੀ ਫ਼ੁਰਮਾਨ ਸਮਝਦੇ। ਠੰਢ ਪਾਲਾ, ਗਰਮੀ ਸਰਦੀ ਅਤੇ ਰਾਤ ਜਾਂ ਦਿਨ ਕੁਝ ਵੀ ਹੋਵੇ, ਹੁਕਮ ਪਾਲਣਾ ਹੀ ਉਹ ਆਪਣਾ ਧਰਮ ਸਮਝਦੇ। ਆਪਣੀ ਚਤਰਾਈ, ਆਪਣੀ ਸੋਚ, ਆਪਣੀ ਅਕਲ ਨੂੰ ਇਕ ਪਾਸੇ ਰਖ ਦਿਤਾ ਅਤੇ ਸਤਿਗੁਰੂ ਦੀ ਬਖ਼ਸ਼ੀ ਹਰੇਕ ਕਾਰ ਨੂੰ ਤਤਛਿਨ ਨਿਭਾਉਣ ਵਿਚ ਢਿਲ ਨਾ ਕਰਦੇ। ਕੋਈ ਨੀਵੇਂ ਤੋਂ ਨੀਵਾਂ ਕੰਮ ਵੀ ਕਰਨ ਵਿਚ ਸੰਕੋਚ ਨਾ ਕਰਦੇ। ਗੰਦੇ ਚਲ੍ਹੇ ਵਿਚ ਹੱਥ ਮਾਰਨੇ, ਮੋਏ ਜੀਵ ਨੂੰ ਬਾਹਰ ਸੁਟਣਾ, ਹਨੇਰੀ ਰਾਤ ਵਿਚ ਕਪੜੇ ਧੋਣੇ, ਸਿਆਲੀ ਰਾਤ ਵਿਚ ਕੰਧ ਉਸਾਰਨੀ, ਕਿਕਰਾਂ ਤੋਂ ਮਿਠਿਆਈ ਲਾਹੁਣੀ ਆਦਿ ਹਰੇਕ ਬਚਨਤੇ ਫੁਲ ਚੜ੍ਹਾਉਂਦੇ। ਇਥੋਂ ਤਕ ਕਿ ਮੁਰਦੇ ਨੂੰ ਖਾਣ ਤਕ ਦਾ ਹੁਕਮ ਮਿਲਣ ਤੇ ਵੀ ਨਾ ਡੋਲੇ ਅਤੇ ਬੇਨਤੀ ਕੀਤੀ ਕਿ ਕਿਹੜੇ ਪਾਸਿਓਂ ਖਾਵਾਂ।

ਹੁਕਮ ਦੀ ਅਜਿਹੀ ਕਰੜੀ ਕਾਰ ਕਮਾਉਂਦਿਆਂ ਗੁਰੂ ਨਾਨਕ ਪਾਤਸ਼ਾਹ ਦੀਆਂ ਅਨਿੰਨ ਬਖ਼ਸ਼ਸ਼ਾਂ ਭਾਈ ਲਹਿਣੇ ਤੇ ਹੁੰਦੀਆਂ ਰਹੀਆਂ। ਸਾਹਿਬਜ਼ਾਦੇ ਸ੍ਰੀ ਚੰਦ ਤੇ ਲਖਮੀ ਦਾਸ ਇਸ ਹੁਕਮ ਦੀ ਕਾਰ ਤੋਂ ਸਦਾ ਕੰਨੀ ਕਤਰਾਂਦੇ ਰਹੇ। ਉਹ ਕਹਿੰਦੇ ਕਿ ਇਹ ਨੀਵੇਂ ਕੰਮ ਤਾਂ ਸਾਡੇ ਸਿਖ ਸੇਵਕ ਵੀ ਕਰ ਸਕਦੇ ਹਨ। ਉਹ ਆਪਣੇ ਆਪ ਨੂੰ ਸੇਵਕ ਨਾ ਸਮਝਦੇ, ਸਗੋਂ ਸਾਹਿਬਜ਼ਾਦੇ ਹੀ ਬਣ ਰਹੇ। ਜੋ ਖ਼ੁਸ਼ੀਆਂ ਤੇ ਪ੍ਰਸੰਨਤਾ ਭਾਈ ਲਹਿਣਾ ਜੀ ਸਤਿਗੁਰਾਂ ਤੋਂ ਪ੍ਰਾਪਤ ਕਰਦੇ ਰਹਿੰਦੇ, ਉਹ ਪ੍ਰਸੰਨਤਾ ਸਾਹਿਬਜ਼ਾਦੇ ਨਾ ਪ੍ਰਾਪਤ ਕਰ ਸਕੇ।

ਸਿਖਾਂ ਸੇਵਕਾਂ ਉਤੇ ਇਹ ਪ੍ਰਸੰਨਤਾ ਵੇਖ ਕੇ ਮਾਤਾ ਸੁਲੱਖਣੀ ਜੀ ਦੇ ਮਨ ਵਿਚ ਸ਼ੁਕ ਪੈਣੇ ਸ਼ੁਰੂ ਹੋ ਗਏ ਕਿ ਸਾਹਿਬਜ਼ਾਦਿਆਂ ਤੇ ਸਾਹਿਬਾਂ ਦੀਆਂ ਇਹ ਮਿਹਰ ਭਰੀਆਂ ਬਖ਼ਸ਼ਸ਼ਾਂ ਨਹੀਂ ਹਨ। ਉਹ ਸਤਿਗੁਰੂ ਦੇ ਚਰਨਾਂ ਵਿਚ ਸਾਹਿਬਜ਼ਾਦਿਆਂ ਨੂੰ ਲੈ ਕੇ ਓਦੋਂ ਹਾਜ਼ਰ ਹੋਏ ਜਦੋਂ ਬਾਬਾ ਲਹਿਣਾ ਜੀ ਨੂੰ ਗੁਰਿਆਈ ਦੀ ਗਦੀ ਸੌਂਪੀ ਜਾ ਰਹੀ ਸੀ। ਮਾਤਾ ਸੁਲੱਖਣੀ ਜੀ ਨੇ ਕਿਹਾ ਕਿ ਤੁਸੀਂ ਸਭ ਕੁਝ ਸਿਖਾਂ-ਸੇਵਕਾਂ ਨੂੰ ਸੌਂਪੀ ਜਾ ਰਹੇ ਹੋ, ਤੁਹਾਡੇ ਇਹ ਬੱਚੇ ਕੀ ਕਰਨਗੇ? ਤਾਂ ਸਾਹਿਬਾਂ ਫ਼ੁਰਮਾਇਆ ਕਿ ਗੁਰੂ-ਦਰ ਦੇ ਕੁੱਤਿਆਂ ਨੂੰ ਵੀ ਨਿੱਧਾਂ ਸਿੱਧਾਂ ਪ੍ਰਾਪਤ ਹੋਣਗੀਆਂ, ਇਨ੍ਹਾਂ ਨੂੰ ਕਿਸ ਗੱਲ ਦਾ ਤੋਟਾ ਆ ਸਕਦਾ ਹੈ। 'ਗੁਰਤਾ' ਸ਼ਬਦ ਦੀ ਵਡਿਆਈ ਹੈ। ਇਹ ਇਲਾਹੀ ਦਾਤਿ ਹੈ, ਇਸ ਦਾ ਕੋਈ ਵਾਰਸ ਨਹੀਂ ਹੋ ਸਕਦਾ। ਇਹ ਦਾਤਿ ਹੈ ਦਾਤਿ, ਜਿਹੜਾ ਵੀ ਇਸ ਦੇ ਯੋਗ ਹੋਵੇਗਾ, ਓਹੀ ਪ੍ਰਾਪਤ ਕਰ ਸਕੇਗਾ। ਬਾਬਾ ਲਹਿਣਾ ਜੀ ਨੇ ਸ਼ਬਦ ਦੀ ਵਡਿਆਈ ਪ੍ਰਾਪਤ ਕੀਤੀ ਹੈ। ਇਸ ਗਦੀ ਦੇ ਇਹੋ ਜੋਗ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੫੯੬ ਬਿਕ੍ਰਮੀ ਅਸੂ ਵਦੀ ਦਸਵੀਂ ਨੂੰ ਬਾਬਾ ਲਹਿਣਾ ਜੀ ਵਿਚ ਆਪਣੀ ਜੋਤਿ ਹਲੂਲ ਕਰ ਦਿਤੀ ਅਤੇ ਉਸ ਨੂੰ ਆਪਣੇ ਅੰਗ ਨਾਲ ਲਾ ਕੇ ਲਹਿਣਾ ਤੋਂ ਅੰਗਦ ਬਣਾ ਦਿਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰ-ਗਦੀ ਦੀ ਸੌਂਪਣਾ ਕਰਨ ਪਿਛੋਂ ਸਤਿਗੁਰੂ ਜੀ ਆਪ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਅਸੂ ਵਦੀ ਦਸਵੀਂ ਦਾ ਜੋਤੀ ਜੋਤਿ ਗੁਰਪੁਰਬ ਕਰਤਾਰਪੁਰ ਰਾਵੀ ਵਿਖੇ ਸਿਖ ਸੰਗਤਾਂ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹੁੰਦੀਆਂ ਸਨ। ਪਰ ਪਾਕਿਸਤਾਨ ਬਣ ਜਾਣ ਕਰਕੇ ਉਸ ਪਵਿਤਰ ਅਸਥਾਨ ਤੋਂ ਅਸੀਂ ਹੁਣ ਵਿਛੜੇ ਪਏ ਹਾਂ।

www.AKJ.Org

# ਸੱਚਾ ਸਤਿਗੁਰੂ—ਸੱਚੀ ਗੁਰਬਾਣੀ

[ਵਲੋਂ :—ਸ: ਕੁੰਭੇਰ ਸਿੰਘ ਜੀ, ਫ਼ੀਰੋਜ਼ਪੁਰ]

ਸ: ਕੁੰਭੇਰ ਸਿੰਘ ਜੀ ਦਾ ਇਹ ਲੇਖ ਡਾਕਟਰ ਗੁਰਬਖਸ਼ ਸਿੰਘ ਜੀ ਲੁਧਿਆਣਾ ਦੇ ਲੇਖ "ਗੁਰਬਾਣੀ ਵਿਚ ਆਏ ਕੁਸ ਅਨਮਤੀ ਵਿਚਾਰ" ਦੇ ਸੰਬੰਧ ਵਿਚ ਹੈ, ਜੋ ਗੁਰਮਤਿ ਪ੍ਰਕਾਸ਼ ਦੇ ਜੁਲਾਈ ਤੇ ਅਗਸਤ ੧੯੮੧ ਦੇ ਅੰਕਾਂ ਵਿਚ ਛਪਿਆ ਹੈ।

ਜਿੰਨੀ ਕੁ ਸਾਨੂੰ ਜਾਣਕਾਰੀ ਹੈ, ਡਾ: ਗੁਰਬਖਸ਼ ਸਿੰਘ ਜੀ ਸ਼ਰਧਾਲੂ ਸਿਖਾਂ ਦੀ ਸ਼੍ਰੇਣੀ ਵਿਚੋਂ ਹਨ। ਉਹਨਾਂ ਦਾ ਮੰਤਵ ਗੁਰਬਾਣੀ ਤੇ ਕਿੰਤੂ ਕਰਨਾ ਨਹੀਂ, ਪਰ ਜੋ ਵਿਚਾਰ ਉਹਨਾਂ ਨੇ ਆਪਣੇ ਲੇਖ ਵਿਚ ਕਾਹਲੀ ਵਿਚ ਬਗ਼ੈਰ ਗੁਰਬਾਣੀ ਦਾ ਡੂੰਘੇ ਅਧੈਨ ਕਰਨ ਦੇ, ਅੰਕਿਤ ਕੀਤੇ ਹਨ, ਉਹ ਗੁਰਬਾਣੀ ਦੀ ਕਸਵੱਟੀ ਤੇ ਪਰਖਿਆਂ ਥੋਥੇ ਸਾਬਤ ਹੁੰਦੇ ਹਨ।

ਵਿਦਿਆ ਦੇ ਅਧਾਰ ਤੇ ਕੀਤੇ ਨਿਰਣੇ ਬਹੁਤ ਹਦ ਤਕ ਠੀਕ ਹੁੰਦੇ ਹਨ, ਪਰ ਭੌਤਕੀ ਵਿਦਿਆ ਕੁਝ ਹੋਰ ਹੈ ਤੇ ਪਰਾ-ਭੌਤਕੀ ਕੁਝ ਹੋਰ। ਪਰਾ-ਭੌਤਕੀ ਗਿਆਨ ਬ੍ਰਹਮ-ਵਿਦਿਆ (Divine Wisdom) ਦੁਆਰਾ ਪ੍ਰਾਪਤ ਹੁੰਦਾ ਹੈ। ਬ੍ਰਹਮ-ਵਿਦਿਆ ਅਨੁਭਵ ਜਾਗਣ ਮਗਰੋਂ ਹੀ ਪ੍ਰਾਪਤ ਹੁੰਦੀ ਹੈ।

ਸ: ਕੁੰਭੇਰ ਸਿੰਘ ਜੀ ਵੀ ਸ਼ਰਧਾਲੂ ਸਿਖਾਂ ਦੀ ਸ਼੍ਰੇਣੀ ਵਿਚੋਂ ਹਨ ਅਤੇ ਉਹਨਾਂ ਦੇ ਲੇਖ ਦੀ ਅਧਾਰ-ਸ਼ਿਲਾ ਇਹ ਹੈ :—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੩੬॥

[ਰਾਮਕਲੀ ਮ: ੫, ਪੰਨਾ ੮੯੪

ਸਚਿਆਰ ਸਿਖਾਂ ਲਈ ਗੁਰਬਾਣੀ ਦਾ ਅੱਖਰ ਅੱਖਰ ਸਤਿ ਸਤਿ ਹੈ। ਗੁਰਬਾਣੀ ਦੇ ਜੋ ਰਹੱਸ ਸਾਡੀ ਸਮਝ-ਗੋਚਰੇ ਨਹੀਂ ਹੁੰਦੇ, ਉਹਨਾਂ ਲਈ ਕੋਸ਼ਸ਼ ਕਰਨੀ ਚਾਹੀਦੀ ਹੈ ਕਿ ਗੁਰਬਾਣੀ ਦਾ ਡੂੰਘਾ ਅਧੈਨ ਕਰਕੇ ਅਤੇ ਅਨੁਭਵੀ ਗੁਰਮੁਖਾਂ ਨਾਲ ਵਿਚਾਰ-ਵਟਾਂਦਰਾ ਕਰਕੇ ਯਥਾਰਥ ਨੂੰ ਸਮਝੀਏ, ਨਾ ਕਿ ਆਪਣੇ ਅਧੂਰੇ ਗਿਆਨ ਅਤੇ ਊਰੀ ਮਤਿ ਦੇ ਅਧਾਰ ਤੇ ਇਹਨਾਂ ਦੀ ਅਸਲੀਅਤ ਤੋਂ ਮੁਨਕਰ ਹੋਈਏ।

(ਸੰਪਾਦਕ)

ਸਤਿਗੁਰੂ ਆਪ ਸੱਚਾ ਹੈ। ਉਸ ਦੀ ਬਾਣੀ ਸੱਚੀ ਹੈ। ਉਹ ਸੱਚ ਹੀ ਬੋਲਦਾ ਹੈ, ਸੱਚ ਹੀ ਲਿਖਦਾ ਹੈ। ਸੱਚਾ ਉਪਦੇਸ਼ ਦੇ ਕੇ ਸਿਖਾਂ ਨੂੰ ਸੱਚ ਹੀ ਦ੍ਰਿੜ੍ਹਾਂਦਾ ਹੈ। ਇਸ ਸੱਚੇ ਉਪਦੇਸ਼ ਨੂੰ ਸੁਣ ਕੇ ਗੁਰਸਿੱਖ ਸੱਚ ਦੀ ਕਮਾਈ ਕਰਦੇ ਹਨ। ਸੱਚੀ ਬਾਣੀ ਦੁਆਰਾ ਹਰੀ ਦੇ ਗੁਣ ਗਾਇਨ ਕਰ ਕੇ ਸਚਿਆਰ ਪਦ ਦੀ ਪ੍ਰਾਪਤੀ ਕਰ ਕੇ ਸੱਚੇ ਵਾਹਿਗੁਰੂ ਦੇ ਦਰ ਸੋਭਾ ਪਾਉਂਦੇ ਹਨ। ਗੁਰਬਾਣੀ ਸਾਨੂੰ ਇਸ ਪ੍ਰਕਾਰ ਹੀ ਸਮਝਾਂਦੀ ਹੈ, ਜਿਵੇਂ:—

(੧) ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥ ਸੋਰਠਿ ਮਹਲਾ ੩, ਪੰਨਾ ੬੩੮

(੨) ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥
ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥੭॥ ਮਾਝ ਮ: ੩, ਪੰਨਾ ੧੨੩

(੩) ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥
ਅਕਥੁ ਕਥਾਵੈ ਸਬਦਿ ਮਿਲਾਵੈ ॥੨॥ ਧਨਾਸਰੀ ਮ: ੧ (੩੮੩)

(੪) ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥
ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਾਚੈ ਸੋਭਾ ਪਾਵੈ ॥੫॥

ਪ੍ਰਭਾਤੀ ਮ: ੧ (੧੩੪੨)



www.AKJ.Org

(੫) ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥
ਸੱਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥੪॥ [ਸਿਰੀਰਾਗੁ ਮ: ੩, ਪੰਨਾ ੬੯

ਇਹ ਬਾਣੀ ਸੱਚਖੰਡ ਦੇ ਮੰਡਲ ਤੋਂ ਉਤਰੀ ਹੈ। ਸੱਚਖੰਡ ਵਿੱਚ ਆਪ ਸੱਚਾ ਨਿਰੰਕਾਰ ਵਸਦਾ ਹੈ, ਸਚ ਖੰਡਿ ਵਸੈ ਨਿਰੰਕਾਰੁ'' । ਇਸ ਸਿਰਮੌਰ ਖੰਡ ਵਿੱਚ ਸੱਚੇ ਜੀਵਨ-ਧਾਰੀ ਗੁਰੂ ਕੇ ਸਚਿਆਰੇ ਸਿਖ ਹੀ ਪਰਵੇਸ਼ ਕਰਦੇ ਹਨ। ਇਸ ਸੱਖ-ਖੰਡ ਦੇ ਮਾਲਕ ਨਿਰੰਕਾਰ ਵਾਹਿਗੁਰੂ ਨੇ ਹੀ ਜੀਵਾਂ ਦੇ ਉਧਾਰ ਨਮਿਤ ਸਤਿਗੁਰੂ ਦੇ ਮੁਖਾਰਬਿੰਦ ਤੋਂ ਬਾਣੀ ਉਚਾਰਨ ਕਰਵਾਈ ਹੈ। ਤਦੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਕਹਿ ਕੇ ਭੇਦ ਖੋਲ੍ਹਿਆ ਗਿਆ ਹੈ ਕਿ :—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥
ਵਾਰ ਗਉੜੀ ਮ: ੪ (੩੦੮)

ਸੱਚੀ ਬਾਣੀ ਦੇ ਪਰਤਾਪ ਕਰਕੇ ਹੀ ਗੁਰਸਿੱਖਾਂ ਦਾ ਆਚਰਨ ਅਤੀ ਉੱਚਾ, ਸੱਚਾ ਤੇ ਸੁੱਚਾ ਹੋ ਸਕਦਾ ਹੈ।

ਗੁਰਬਾਣੀ ਵਿਚ ਜੋ ਕੁਝ ਵੀ ਲਿਖਿਆ ਗਿਆ ਹੈ ਉਹ ਸੱਚ ਦੇ ਆਧਾਰ ਤੇ ਹੀ ਲਿਖਿਆ ਗਿਆ ਹੈ। ਇਸ ਦੀ ਸੱਚ ਤੋਂ ਹੀ ਉਪਜ ਹੈ। ਇਸ ਨੂੰ ਸਤਿ ਕਰਕੇ ਹੀ ਮੰਨਣ ਦਾ ਹੁਕਮ ਹੈ । ਇਸ ਨੂੰ ਸਤਿ ਕਰਕੇ ਮੰਨਣ ਵਾਲਾ ਹੀ ਵਾਹਿਗੁਰੂ ਨਾਲ ਅਭੇਦ ਹੋ ਸਕਦਾ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੈ ॥੧੪॥
(ਮਾਰੂ ਸੋਹਲੇ, ਮ: ੧, ਪੰਨਾ ੧੦੨੮)

ਤਾਂ ਤੇ ਗੁਰਬਾਣੀ ਵਿਚ ਰਾਈ ਮਾਤ੍ਰ ਵੀ ਅਸੱਤਿ (ਝੂਠ) ਦੀ ਮਿਲਾਵਟ ਸਮਝਣੀ ਗੁਰਬਾਣੀ ਤੋਂ ਬੇ-ਮੁਖ ਹੋਣ ਦੇ ਤੁਲ ਹੈ। ਗੁਰਸਿੱਖ ਦਾ ਪਹਿਲਾ ਤੇ ਅਰੰਭਕ ਫ਼ਰਜ਼ ਹੀ ਇਹੋ ਹੈ ਕਿ ਉਹ ਗੁਰਬਾਣੀ ਦੇ ਇਕ ਇਕ ਅਖਰ ਨੂੰ ਸੱਤ ਕਰ ਕੇ ਮੰਨ ਲਵੇ। ਰੰਚਕ ਮਾਤ੍ਰ ਵੀ ਕਿਸੇ ਸਿਧਾਂਤ ਤੇ ਕਿੰਤੂ ਨ ਕਰੇ। ਨਾ ਕਿਸੇ ਸਿਧਾਂਤ ਦਾ ਆਧਾਰ ਕਿਸੇ ਮਿਥਿਹਾਸ ਅਥਵਾ ਮਿਥਿਆ ਜਾਂ ਬਣਾਉਟੀ ਕਥਾ ਨੂੰ ਮੰਨੇ। ਗੁਰਬਾਣੀ ਵਿਚ ਜੇ ਕਿਸੇ ਦੂਜੇ ਧਰਮ-ਗ੍ਰੰਥ ਦੀ ਕਿਸੇ ਕਥਾ ਦਾ ਸੰਖੇਪ ਮਾਤ੍ਰ ਸੰਕੇਤ ਕੀਤਾ ਗਿਆ ਹੈ ਤਾਂ ਘਟੋ ਘਟ ਜਿੰਨਾ ਤੇ ਜਿਸ ਹੱਦ ਤਕ ਇਹਨਾਂ ਕਥਾਵਾਂ ਦਾ ਗੁਰਬਾਣੀ ਵਿਚ ਇਸ਼ਾਰੇ ਮਾਤਰ ਵਰਨਣ ਆਇਆ ਹੈ, ਉਸ ਨੂੰ ਸੱਤ ਕਰ ਕੇ ਮੰਨਣਾ ਹੀ ਸ਼ਰਧਾਵਾਨ ਗੁਰਸਿੱਖਾਂ ਦਾ ਫ਼ਰਜ਼ ਹੈ। ਉਦਾਹਰਨ ਵਜੋਂ ਜੇਕਰ ਭਗਤ ਪ੍ਰਹਿਲਾਦ ਅਤੇ ਹਰਣਾਖਸ਼ ਦੀ ਕਥਾ ਦੇ ਗੁਰਬਾਣੀ ਵਿਚ ਸੰਕੇਤ ਆਏ ਹਨ ਤਾਂ ਗੁਰੂ ਸਾਹਿਬਾਂ ਅਤੇ ਭਗਤਾਂ ਨੇ ਇਸ ਸਿਧਾਂਤ ਨੂੰ ਸਿੱਧ ਕਰਨ ਵਾਸਤੇ ਹੀ ਇਹਨਾਂ ਕਥਾਵਾਂ ਦੇ ਹਵਾਲੇ ਦਿੱਤੇ ਹਨ ਕਿ ਵਾਹਿਗੁਰੂ ਹਮੇਸ਼ਾ ਆਪਣੇ ਭਗਤਾਂ ਦੀ ਜਲਾਂ ਥਲਾਂ ਵਿਚ ਰਖਿਆ ਕਰ ਕੇ ਪੈਜ ਰਖਦਾ ਹੈ। ਜਿਵੇਂ ਕਿ ਇਨ੍ਹਾਂ ਤੁਕਾਂ ਤੋਂ ਪਰਗਟ ਹੈ :—

(੧) ਭਗਤਾਂ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਨਾਖਸੁ ਮਾਰਿ ਪਚਾਇਆ ॥
(ਸੋਰਠਿ ਮ: ੩, ਪੰਨਾ ੬੩੭)

(੨) ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
(ਆਸਾ ਮ: ੪, ਪੰਨਾ ੪੫੧)

ਇਸ ਲਈ ਇਹਨਾਂ ਕਥਾਵਾਂ ਨੂੰ ਮਿਥਿਆ, ਮਨੋ-ਕਲਪਤ ਜਾਂ ਮਨ-ਘੜਤ ਸਮਝਣਾ ਉਚਿਤ ਨਹੀਂ


www.AKJ.Org

ਹੋਵੇਗਾ। ਅਜਿਹਾ ਸਮਝਣਾ, ਕਹਿਣਾ ਜਾਂ ਲਿਖਣਾ ਗੁਰੂ ਅਤੇ ਗੁਰਬਾਣੀ ਦੀ ਸੱਤਤਾ ਤੇ ਕਿੰਤੂ ਕਰਨਾ ਹੈ ਅਤੇ ਅਜਿਹਾ ਕਰਨਾ ਗੁਰਬਾਣੀ ਤੋਂ ਬੇ-ਮੁੱਖ ਹੋਣ ਦੇ ਤੁਲ ਹੋਵੇਗਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਨ੍ਹਾਂ ਕਥਾਵਾਂ ਦਾ ਦਸਵੀਂ ਵਾਰ ਵਿਚ ਬੜੇ ਹੀ ਸੁੰਦਰ ਰੂਪ ਵਿਚ ਸੰਖੇਪ ਵਰਨਣ ਕਰ ਦਿੱਤਾ ਹੈ ਤਾਂ ਕਿ ਗੁਰਬਾਣੀ ਵਿਚ ਆਏ ਇਨ੍ਹਾਂ ਪੁਰਾਣਕ ਸੰਕੇਤਾਂ ਦੀਆਂ ਆਧਾਰ-ਕਥਾਵਾਂ ਦੀ ਜਾਣਕਾਰੀ ਵੀ ਸਿੱਖਾਂ ਨੂੰ ਸੁਖੇਨ ਹੀ ਪ੍ਰਾਪਤ ਹੋ ਸਕੇ। ਭਾਈ ਗੁਰਦਾਸ ਜੀ ਦੀ ਬਾਣੀ ਵੀ ਸਿੱਖ ਧਰਮ ਵਿਚ ਪਰਮਾਣੀਕ ਬਾਣੀ ਸਮਝੀ ਜਾਂਦੀ ਹੈ। ਇਸ ਲਈ ਇਨ੍ਹਾਂ ਪਰਮਾਣੀਕ ਗ੍ਰੰਥਾਂ ਵਿੱਚ ਜਿੰਨਾ ਕੁ ਇਹਨਾਂ ਕਥਾਵਾਂ ਦਾ ਵਰਨਣ ਕੀਤਾ ਮਿਲਦਾ ਹੈ, ਇਸ ਨੂੰ ਇੰਨ-ਬਿੰਨ ਉਸੇ ਤਰ੍ਹਾਂ ਹੀ ਮੰਨ ਲੈਣਾ ਗੁਰਮਤਿ ਦੇ ਅਨਕੂਲ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਪੁਰਾਣਿਕ ਹਵਾਲੇ ਅਤੇ ਉਨ੍ਹਾਂ ਦੀਆਂ ਸੰਬੰਧਤ ਕਥਾਵਾਂ ਜਿਸ ਹੱਦ ਤੱਕ ਇਹਨਾਂ ਪਰਮਾਣੀਕ ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ, ਪਰਮਾਣੀਕ ਅਤੇ ਸੱਚੀਆਂ ਹੀ ਸਮਝਣਾ ਸ਼ਰਧਾਲੂ ਗੁਰਸਿੱਖਾਂ ਦਾ ਫ਼ਰਜ਼ ਹੈ। ਇਹਨਾਂ ਨੂੰ ਮਿਥਿਆ, ਮਨ-ਘੜਤ ਅਤੇ ਫ਼ਰਜ਼ੀ ਕਿਆਸਣਾ, ਸਮਝਣਾ, ਲਿਖਣਾ ਜਾਂ ਕਹਿਣਾ ਗੁਰਮਤਿ ਤੋਂ ਬੇ-ਮੁੱਖ, ਮੁਨਕਰ ਤੇ ਮੁਨਹਰਫ਼ ਹੋਣ ਦੇ ਤੁਲ ਸਮਝਿਆ ਜਾਵੇਗਾ। ਕੋਈ ਪੁਛੇ, ਸੱਚ ਨਿਤਾਰਨ ਲਈ ਸਤਿਵਾਦੀ ਸਤਿਗੁਰਾਂ ਵਲੋਂ ਕਦੀ ਝੂਠੀਆਂ ਗਵਾਹੀਆਂ ਜਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ? ਕਦਾਚਿਤ ਨਹੀਂ। ਅਜਿਹੇ ਲਿਖਣ ਵਾਲੇ ਲਿਖਾਰੀ ਤੇ ਭਾਸ਼ਨ ਕਰਨ ਵਾਲੇ ਭਾਸ਼ਨ-ਚਾਰੀਆ ਇਹ ਨਹੀਂ ਸਮਝਦੇ ਕਿ ਉਨ੍ਹਾਂ ਵਲੋਂ ਅਜਿਹਾ ਕਰਨ ਨਾਲ ਕਈਆਂ ਸ਼ਰਧਾਵਾਨਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਦੀ ਹੈ। ਕਈ ਜਗਿਆਸੂਆਂ ਦੀ ਆਤਮਿਕ ਪ੍ਰਗਤੀ ਅਤੇ ਸਿੱਖੀ-ਮਾਰਗ ਤੇ ਚਲਣ ਵਾਲੇ ਪਾਂਧੀਆਂ ਦੀ ਚਾਲ ਵਿਚ ਅਟਕਾਂ ਅਤੇ ਰੋਕਾਂ ਪੈ ਜਾਂਦੀਆਂ ਹਨ। ਕਈ ਅਜਿਹੀਆਂ ਲਿਖਤਾਂ ਅਤੇ ਭਾਸ਼ਨਾਂ ਦੇ ਅਸਰ ਹੇਠ ਭਰਮਾਂ ਵਿਚ ਪੈ ਜਾਂਦੇ ਹਨ। ਉਹਨਾਂ ਦੀ ਆਤਮਿਕ ਪ੍ਰਗਤੀ ਦੀ ਚਾਲ ਮੱਧਮ ਪੈ ਜਾਂਦੀ ਹੈ। ਤੇ ਉਹ ਇਨ੍ਹਾਂ ਕਥਾਵਾਂ ਦੀ ਸੱਚ ਅਤੇ ਨਾ ਸੱਚ ਹੋਣ ਦੀ ਵੀਚਾਰ ਦੀ ਉਲਝਣ ਵਿਚ ਫਸ ਕੇ ਦੁਬਿਧਾ ਵਿਚ ਗੋਤੇ ਖਾਂਦੇ ਰਹਿੰਦੇ ਹਨ। ਇਸ ਲਈ ਅਜਿਹੀ ਹਾਲਤ ਵਿਚ ਫਸਿਆਂ ਹੋਇਆਂ ਪਰਮਾਰਥਿਕ ਪਾਂਧੀਆਂ ਨੂੰ ਇਹੀ ਬਿਨੈ ਹੈ ਕਿ ਉਹਨਾਂ ਨੂੰ ਕਿਸੇ ਵੀ ਵੱਡੇ ਤੋਂ ਵੱਡੇ ਵਿਦਵਾਨ ਦੇ ਅਜਿਹੇ ਕਥਨ ਦਾ ਅਸਰ ਉੱਕਾ ਹੀ ਕਬੂਲ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਮਾਰਗ, ਵਿਸ਼ਵਾਸ ਅਤੇ ਸਿਦਕ ਤੇ ਅਡੋਲ, ਅਹਿਲ ਅਤੇ ਦ੍ਰਿੜ੍ਹ ਰਹਿ ਕੇ ਗੁਰੂ ਦੀ ਕਿਰਪਾ ਦੇ ਪਾਤਰ ਹੋਣਾ ਚਾਹੀਦਾ ਹੈ।

ਗੁਰਬਾਣੀ ਵਿਚ ਬਾਰ ਬਾਰ ਬ੍ਰਹਮਾ, ਵਿਸ਼ਨੂ, ਮਹੇਸ਼, ਦੇਵੀ ਦੇਵਤਿਆਂ, ਜਮਾਂ, ਜਮਦੂਤਾਂ, ਧਰਮਰਾਜ, ਨਰਕ ਸੁਰਗ, ਚੌਰਾਸੀ ਲੱਖਾਂ ਜੂਨਾਂ, ਚਾਰ ਜੁਗਾਂ, ਤਿੰਨ ਲੋਕਾਂ, ਚੌਦਾਂ ਭਵਨਾਂ ਦਾ ਜ਼ਿਕਰ ਆਇਆ ਹੈ। ਇਹਨਾਂ ਦੀ ਹੋਂਦ, ਹਸਤੀ ਤੇ ਵਾਸਤਵਿਕਤਾ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਲਈ ਇਨ੍ਹਾਂ ਨੂੰ ਮੰਨਣਾ ਗੁਰਮਤਿ ਹੈ। ਮਾਫ਼ ਕੀਤਾ ਜਾਵੇ, ਇਨ੍ਹਾਂ ਨੂੰ ਨਾ ਮੰਨਣਾ ਮਨ-ਮੱਤ, ਅਗਿਆਨਤਾ ਅਤੇ ਬੇ-ਮੁੱਖਤਾ ਹੈ। ਗੁਰਬਾਣੀ ਦੀ ਹਰ ਇਕ ਪੰਗਤੀ ਵਿਚ ਆਏ ਸਿਧਾਂਤਾਂ, ਸੰਕੇਤਾਂ, ਉਪਦੇਸ਼ਾਂ ਨੂੰ ਜਿਉਂ ਕਾ ਤਿਉਂ ਸੱਚ ਕਰ ਕੇ ਮੰਨਣਾ ਹੀ ਗੁਰਸਿੱਖ ਦਾ ਪਰਮ ਕਰਮ ਅਤੇ ਧਰਮ ਹੈ, ਤਾਂ ਹੀ ਗੁਰਸਿੱਖ ਨੂੰ ਗੁਰਸਿੱਖੀ ਮਾਰਗ ਵਿਚ ਸਫ਼ਲਤਾ ਮਿਲੇਗੀ। ਨਹੀਂ ਤਾਂ ਨਹੀਂ। ਇਹੀ ਕਾਰਨ ਹੈ ਕਿ ਸਿੱਖ ਧਰਮ ਦੇ ਹਰੇਕ ਪੁਰਾਤਨ ਉੱਚ ਕੋਟੀ ਦੇ ਵਿਦਵਾਨ ਨੇ ਆਪਣੀਆਂ ਰਚਨਾਵਾਂ ਵਿਚ ਉਪ੍ਰੋਕਤ ਸੰਕੇਤਾਂ ਦੀ ਸੱਚਾਈ ਨੂੰ ਸਵੀਕਾਰ ਕਰਦਿਆਂ ਇਨ੍ਹਾਂ ਦਾ ਵਰਨਣ ਕੀਤਾ ਹੈ। ਕਿਸੇ ਵੀ ਪੁਰਾਤਨ ਵਿਦਵਾਨ ਨੇ ਇਨ੍ਹਾਂ ਦੀ ਹੋਂਦ ਅਤੇ ਵਾਸਤਵਿਕਤਾ ਦਾ ਖੰਡਨ ਨਹੀਂ ਕੀਤਾ। ਬਹੁਤੇ ਨਹੀਂ, ਕੁਝ ਕੁ ਗੁਰਬਾਣੀ ਦੇ ਪਰਮਾਣ ਇਥੇ ਦਿੱਤੇ ਜਾਂਦੇ ਨੇ, ਜਿਨ੍ਹਾਂ ਵਿਚ ਉਪ੍ਰੋਕਤ ਸੰਕੇਤਾਂ ਨੂੰ ਸਵੀਕਾਰ ਕੀਤਾ ਗਿਆ ਹੈ।



www.AKJ.Org

ਗਾਵੈ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥੨੭॥ (ਜਪੁ ਜੀ)

ਇਥੇ ਗੁਰਦੇਵ, ਗੁਰੂ ਨਾਨਕ ਦੇਵ ਜੀ ਵਾਹਿਗੁਰੂ ਜੀ ਦੀ ਕੀਤੀ ਜਾ ਰਹੀ ਸਿਫ਼ਤ ਸਲਾਹ ਦਾ ਸਾਂਗੋ ਪਾਂਗ ਨਜ਼ਾਰਾ ਵੇਖ ਵੇਖ ਕੇ ਬਿਆਨ ਕਰ ਰਹੇ ਹਨ ਤੇ ਵਾਹਿਗੁਰੂ ਦੀ ਹਜ਼ੂਰੀ ਵਿਚ ਸਨਮੁਖ ਬੇਨਤੀ ਕਰ ਰਹੇ ਹਨ ਕਿ ਧਰਮ-ਰਾਜਾ, ਚਿਤ੍ਰ ਗੁਪਤ, ਸ਼ਿਵ ਜੀ, ਬ੍ਰਹਮਾ, ਦੇਵੀ, ਦੇਵਤੇ, ਹੇ ਵਾਹਿਗੁਰੂ ! ਆਪ ਨੂੰ ਗਾਉਂਦੇ ਹਨ । ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਇਹਨਾਂ ਦੇਵੀ ਦੇਵਤਿਆਂ, ਧਰਮ ਰਾਜ, ਚਿਤ੍ਰ ਗੁਪਤ ਦੀਆਂ ਹਸਤੀਆਂ ਨੂੰ ਸਵੀਕਾਰ ਕੀਤਾ ਹੈ । ਭਲਾ ਵਾਹਿਗੁਰੂ ਦੇ ਸਨਮੁਖ ਉਹ ਮਨੋ-ਕਲਪਤ ਹਸਤੀਆਂ ਨੂੰ ਪ੍ਰਭੂ ਦੇ ਗੁਣਾਨਵਾਦ ਕਰਦਿਆਂ ਕਿਸ ਤਰ੍ਹਾਂ ਦਸ ਸਕਦੇ ਹਨ ? ਹਰਗਿਜ਼ ਨਹੀਂ । ਗੁਰੂ ਸਾਹਿਬ ਜੀ ਨੇ ਇਹਨਾਂ ਨੂੰ ਨਿਰਾ ਸਵੀਕਾਰਿਆ ਹੀ ਨਹੀਂ, ਸਗੋਂ ਆਪਣੀ ਅਖੀਂ ਦੇਖ ਕੇ ਕਿਹਾ ਹੈ । ਗੁਰੂ ਸਾਹਿਬਾਂ ਨੇ ਜੋ ਕੁੱਝ ਕਿਹਾ ਹੈ ਅਖੀਂ ਦੇਖ ਕੇ ਕਿਹਾ ਹੈ । ਨਿਰੀ ਸੁਣੀ ਸੁਣਾਈ ਗੱਲ ਨਹੀਂ ਕਹੀ । ਜਿਵੇਂ ਗੁਰ-ਪਰਮਾਣ ਹੈ :—

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥੪॥੩੬॥ ਰਾਮਕਲੀ ਮ: ੫, (੮੯੪)

ਗੁਰੂ ਦਸਮੇਸ਼ ਜੀ ਨੇ ਵੀ ਚੌਪਈ ਵਿਚ ਲਿਖਿਆ ਹੈ :—

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੭॥

ਭਾਵ ਇਹ, ਕਿ ਸਮਾ ਪਾ ਕੇ ਬ੍ਰਹਮਾ ਨੇ ਸਰੀਰ ਧਾਰਿਆ, ਸਮਾ ਪਾ ਕੇ ਸ਼ਿਵ ਜੀ ਨੇ ਅਵਤਾਰ ਧਾਰਿਆ ਤੇ ਸਮਾ ਪਾ ਕੇ ਹੀ ਵਿਸ਼ਨੂ ਪਰਗਟ ਹੋਇਆ ।ਇਉਂ ਇਨ੍ਹਾਂ ਦੇਵਤਿਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ।

ਧਰਮ ਰਾਜ ਨੂੰ ਸੱਚਾ ਨਿਆਏ ਕਰਨ ਦਾ ਸਰਬ ਸ਼ਕਤੀਮਾਨ ਪ੍ਰਭੂ ਵਲੋਂ ਹੁਕਮ ਹੈ :—

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਸਿਰੀ ਰਾਗ ਮ: ੩ (੩੮)

ਗੁਰਬਾਣੀ ਵਿਚ ਚਹੁੰ ਜੁਗਾਂ ਦਾ ਬਾਰ ਬਾਰ ਜ਼ਿਕਰ ਆਇਆ ਹੈ, ਇਉਂ ਇਨ੍ਹਾਂ ਨੂੰ ਮੰਨਿਆ ਗਿਆ ਹੈ । ਇਹ ਤਾਂ ਸਮੇਂ ਦੀ ਵੰਡ ਕੀਤੀ ਹੋਈ ਹੈ । ਜਿਵੇਂ ਘੜੀਆਂ, ਪਲ, ਪਹਿਰ, ਥਿਤਾਂ, ਮਹੀਨੇ, ਸਾਲ ਆਦਿਕ । ਪਰ ਇਨ੍ਹਾਂ ਜੁੱਗਾਂ ਨੂੰ ਵੀ ਮੰਨਣ ਨਾ ਮੰਨਣ ਦੀ ਚਰਚਾ ਵਿਚ ਖਿਚ ਲਿਆਂਦਾ ਗਿਆ ਹੈ ।

ਵਿਦਵਾਨ ਲੇਖਕ ਵਲੋਂ ਲੇਖ ਵਿਚ ਅਜੀਬ ਮਸ਼ਵਰਾ ਦਿੱਤਾ ਗਿਆ ਹੈ ਕਿ ਜਿਥੇ ਧਰਮ ਰਾਜ ਲਿਖਿਆ ਹੈ ਉਥੇ ਵਾਹਿਗੁਰੂ ਹੀ ਸਮਝ ਲਵੋ । ਸੋ ਲਿਖਾਰੀ ਜੀ ਤੋਂ ਇਹ ਵੀ ਮਸ਼ਵਰਾ ਮੰਗਦੇ ਹਾਂ ਕਿ ਜਿਥੇ ਧਰਮ ਰਾਜ ਨੂੰ ਪ੍ਰਭੂ ਦੇ ਹੁਕਮ ਵਿਚ ਕਾਰਿੰਦਾ ਦਸਿਆ ਹੈ, ਜਿਥੇ ਧਰਮ ਰਾਜੇ ਨੂੰ ਪ੍ਰਭੂ ਦੇ ਗੁਣ ਗਾਇਨ ਕਰਦਾ ਦਸਿਆ ਹੈ, ਉਥੇ ਕੀ ਇਹ ਅਰਥ ਕਰੀਏ ਕਿ ਪ੍ਰਭੂ ਦੇ ਹੁਕਮ ਵਿਚ ਪ੍ਰਭੂ ਕੰਮ ਕਰ ਰਿਹਾ ਹੈ ਜਾਂ ਪ੍ਰਭੂ ਦੇ ਗੁਣ ਪ੍ਰਭੂ ਗਾਇਨ ਕਰ ਰਿਹਾ ਹੈ ?

ਏਸੇ ਤਰ੍ਹਾ ਵਿਦਵਾਨ ਲੇਖਕ ਵਲੋਂ ਫਿਰ ਇਹ ਉਪਦੇਸ਼ ਦਿੱਤਾ ਗਿਆ ਹੈ ਕਿ ਬ੍ਰਹਮਾ, ਵਿਸ਼ਨੂ, ਮਹੇਸ਼ ਦੀ ਹੋਂਦ-ਹਸਤੀ ਨਹੀਂ ਮੰਨਣੀ । "ਵਾਹਿਗੁਰੂ ਹੀ ਪੈਦਾ ਕਰਨ ਵਾਲਾ, ਪਾਲਣ-ਹਾਰ ਮਾਲਕ ਤੇ ਮਾਰਨ ਵਾਲਾ ਹੈ ।" ਬੇਨਤੀ ਇਹ ਹੈ ਕਿ ਗੁਰਮਤਿ ਦਾ ਸਿਧਾਂਤ ਇਹੋ ਹੈ ਕਿ ਵਾਹਿਗੁਰੂ ਹੀ ਮਾਲਕ, ਕਰਤਾ, ਪੈਦਾ ਕਰਨ ਵਾਲਾ ਅਤੇ ਮਾਰਨ ਵਾਲਾ ਹੈ । ਪਰ ਇਨ੍ਹਾਂ ਦੇਵਤਿਆਂ ਦੀ ਹਸਤੀ ਨੂੰ ਵੀ ਤਾਂ ਮੰਨਣਾ ਪਵੇਗਾ ਜਿਨ੍ਹਾਂ ਦੀ ਹੋਂਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਨਿਆ ਹੈ । ਇਨ੍ਹਾਂ ਦੇਵਤਿਆਂ ਨੂੰ ਵੀ ਪ੍ਰਭੂ ਦੇ ਹੁਕਮ ਵਿਚ ਕਾਰ


www.AKJ.Org

ਨਿਬਾਹੁੰਦਿਆਂ ਦਸਿਆ ਹੈ :–

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥੩੧॥ (ਜਪੁਜੀ)

ਜਿਵੇਂ ਵਾਹਿਗੁਰੂ ਚਾਹੁੰਦਾ ਹੈ, ਇਨ੍ਹਾਂ ਤਿੰਨਾਂ ਹੀ ਦੇਵਤਿਆਂ ਨੂੰ ਚਲਾਉਂਦਾ ਹੈ। ਭਾਵ ਇਹ ਕਿ ਵਾਹਿਗੁਰੂ ਦੇ ਹੁਕਮ ਅੰਦਰ ਇਹ ਕਾਰ ਨਿਭਾ ਰਹੇ ਹਨ। ਪਰ ਅਸਚਰਜਤਾ ਦੀ ਗੱਲ ਇਹ ਹੈ ਕਿ ਉਹ ਵਾਹਿਗੁਰੂ ਇਨ੍ਹਾਂ ਨੂੰ ਤੇ ਇਨ੍ਹਾਂ ਦੀ ਕਾਰ ਨੂੰ ਦੇਖਦਾ ਹੈ, ਪਰ ਇਨ੍ਹਾਂ ਨੂੰ ਉਹ ਵਾਹਿਗੁਰੂ ਦਿਸਦਾ ਨਹੀਂ। ਮੰਨਣ ਯੋਗ ਅਸਲੀਅਤ ਤਾਂ ਇਹੋ ਹੈ ਕਿ ਹਰੇਕ ਦਿਸਦੇ ਤੇ ਨਾ-ਦਿਸਦੇ ਸੰਸਾਰ ਵਿਚ ਇਕੋ ਵਾਹਿਗੁਰੂ ਦੀ ਜੋਤਿ-ਸੱਤਾ ਪਸਰੀ ਹੋਈ ਹੈ। ਉਹੀ ਵਾਹਿਗੁਰੂ ਸਭ ਕੁੱਝ ਕਰ-ਕਰਾ ਰਿਹਾ ਹੈ। ਗੁਰਸਿੱਖਾਂ ਨੇ ਇਕੋ ਵਾਹਿਗੁਰੂ ਨੂੰ ਪਾਲਣਹਾਰ, ਰਚਣਹਾਰ ਮੰਨਣਾ ਹੈ, ਤੇ ਉਸੇ ਦਾ ਆਸਰਾ ਲੈਣਾ ਹੈ। ਇਹ ਗੁਰਮੁਖਾਂ ਦੀ ਦ੍ਰਿਸ਼ਟੀ ਹੈ। ਪਰ ਦਿਸਦੇ ਸੰਸਾਰ ਵਿਚ ਰੋਜ਼ੀ ਕਮਾਣ ਵਾਸਤੇ ਕਿੰਨੀ ਭੱਜ ਦੌੜ ਹੋ ਰਹੀ ਹੈ? ਅਸੀਂ ਮਨੁੱਖ ਰਿਜ਼ਕ ਕਮਾਣ ਵਾਸਤੇ ਬਥੇਰੀ ਘਾਲਣਾ ਘਾਲਦੇ ਹਾਂ। ਘਰਾਂ ਵਿਚ ਤ੍ਰੀਮਤਾਂ ਆਟਾ ਪੀਸਦੀਆਂ ਹਨ, ਗੁੰਨ੍ਹਦੀਆਂ ਹਨ, ਚੁਲ੍ਹੇ ਵਿਚ ਅੱਗ ਬਾਲਦੀਆਂ ਹਨ, ਤੇ ਮਿਹਨਤ ਕਰ ਕੇ ਭੋਜਨ ਤਿਆਰ ਕਰਦੀਆਂ ਹਨ। ਵਾਸਤਵ ਵਿਚ ਵਾਹਿਗੁਰੂ ਹੀ "ਰੋਜ਼ੀ ਦਿਹੰਦ" ਹੈ ਤੇ ਇਹ ਇਕ ਅਟੱਲ ਸਚਾਈ ਹੈ, ਕਿਉਂਕਿ ਉਸੇ ਦੀ ਦਿੱਤੀ ਸਮਝ ਅਤੇ ਸ਼ਕਤੀ ਨਾਲ ਉਸੇ ਦੇ ਹੁਕਮ ਵਿਚ ਸਾਰਾ ਜਗਤ ਧੰਧੇ ਨਿਭਾ ਰਿਹਾ ਹੈ। ਪਰ ਪ੍ਰਭੂ ਨੂੰ ਇਉਂ ਪਾਲਣਹਾਰ ਜਾਣ ਕੇ ਵੀ, ਇਸ ਖੇਡ ਵਿਚ ਇਨ੍ਹਾਂ ਸੰਸਾਰੀ ਮਨੁੱਖਾਂ ਅਤੇ ਤੀਵੀਆਂ ਦੀ ਹੋਂਦ ਅਤੇ ਉਨ੍ਹਾਂ ਦੀ ਭਿੰਨ ਭਿੰਨ ਘਾਲਣਾ ਨੂੰ ਮੰਨਣਾ ਪੈਂਦਾ ਹੈ। ਇਸੇ ਤਰ੍ਹਾਂ ਧਰਮ ਰਾਜ ਦੀ ਹਸਤੀ ਅਤੇ ਉਸ ਨੂੰ ਸੌਂਪੀ ਕਾਰ ਨੂੰ ਮੰਨਣਾ ਪਵੇਗਾ। ਪਰ ਸਮਝਾਂਗੇ ਇਹੋ ਕਿ "ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥" ਪ੍ਰਭੂ ਦੇ ਹੁਕਮ ਅਤੇ ਸੱਤਾ ਤੋਂ ਬਗੈਰ ਧਰਮ ਰਾਜ ਕੁੱਝ ਨਹੀਂ ਕਰ ਸਕਦਾ। ਜਿਵੇਂ ਅਦਾਲਤ ਵਿਚ ਵੱਖੋ ਵੱਖ ਜੱਜ ਹੁੰਦੇ ਨੇ। ਉਹ ਫ਼ੈਸਲਾ ਦਿੰਦੇ ਨੇ। ਪਰ ਸਮਝਿਆ ਤਾਂ ਇਹੋ ਜਾਂਦਾ ਹੈ ਕਿ ਸਰਕਾਰ ਦਾ ਫ਼ੈਸਲਾ ਹੈ। ਇਸੇ ਤਰ੍ਹਾਂ ਪ੍ਰਭੂ ਦੀ ਕਚਹਿਰੀ (ਅਦਾਲਤ) ਹੈ। ਉਥੇ ਪ੍ਰਭੂ ਵਲੋਂ ਥਾਪਿਆ ਧਰਮ-ਰਾਜ ਜੱਜ ਦੇ ਰੂਪ ਵਿਚ ਸੱਚੇ ਫ਼ੈਸਲੇ ਕਰਦਾ ਹੈ। ਉਥੋਂ ਦਾ ਨਿਆਉਂ ਸੱਚਾ ਹੁੰਦਾ ਹੈ। ਇਸੇ ਤਰ੍ਹਾਂ ਬ੍ਰਹਮਾ ਵਿਸ਼ਨੂੰ ਮਹੇਸ਼ ਬਾਰੇ ਸਮਝ ਲਵੋ ਕਿ ਇਨ੍ਹਾਂ ਦੀਆਂ ਆਪਣੀਆਂ ਹਸਤੀਆਂ ਹਨ। ਪਰ ਵਾਹਿਗੁਰੂ ਇਨ੍ਹਾਂ ਤੋਂ ਆਪ ਹੀ ਕਾਰ ਕਰਾ ਰਿਹਾ ਹੈ। ਇਸ ਨਿਜ਼ਾਮ ਵਿੱਚ ਕੋਈ ਕਮੀ ਜਾਂ ਭੁਲ ਨਹੀਂ ਹੋਣ ਦਿੰਦਾ।

ਚੌਦਾਂ ਲੋਕ, ਤਿੰਨਾਂ ਲੋਕਾਂ ਦੀ ਗੱਲ ਵੀ ਕੀਤੀ ਗਈ ਹੈ ਕਿ ਦੂਜੇ ਮੱਤਾਂ ਦੇ ਵਿਚਾਰ ਹਨ। ਨਾ ਮੰਨਣ ਯੋਗ ਹਨ। ਪਰ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਸਿਖ ਹੋਣ ਦੇ ਨਾਤੇ ਅਸੀਂ ਇਨ੍ਹਾਂ ਨੂੰ ਜ਼ਰੂਰ ਮੰਨਣਾ ਹੈ। ਗੁਰੂ ਸਾਹਿਬ ਨੇ ਜੋ ਜੋ ਦੇਖਿਆ ਹੈ ਸੋਈ ਲਿਖਿਆ ਹੈ। ਇਸ ਲਈ ਅਸੀਂ ਮੰਨਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਈਂ ਇਕ ਸੂਰਜ ਤੇ ਇਕ ਚੰਦਰਮੇ ਦਾ ਜ਼ਿਕਰ ਕੀਤਾ ਗਿਆ ਹੈ। ਤੇ ਕਈ ਸ਼ਬਦਾਂ ਵਿਚ ਕ੍ਰੋੜਾਂ ਸੂਰਜ ਤੇ ਚੰਦਰਮੇ ਲਿਖੇ ਹਨ। ਸੋ ਅਰਥ ਪਰਥਾਏ ਲਗਦੇ ਹਨ। ਜਿਥੇ ਇਸ ਧਰਤੀ ਦੀ ਦ੍ਰਿਸ਼ਟੀ ਨਾਲ ਗੱਲ ਲਿਖੀ ਹੈ ਉਥੇ ਸੂਰਜ ਵੀ ਇਕ ਅਤੇ ਚੰਦਰਮਾ ਵੀ ਇਕ ਲਿਖਿਆ ਹੈ। ਜਿਥੇ ਕ੍ਰੋੜਾਂ ਬ੍ਰਹਿਮੰਡਾਂ ਦੀ ਦ੍ਰਿਸ਼ਟੀ ਨਾਲ ਕਿਹਾ ਹੈ ਉਥੇ ਸੂਰਜ ਵੀ ਕ੍ਰੋੜਾਂ ਤੇ ਚੰਦਰਮੇ ਵੀ ਕ੍ਰੋੜਾਂ ਦਸੇ ਹਨ। ਇਸੇ ਤਰ੍ਹਾਂ ਤਿੰਨ ਭਵਨ ਆਪਣੀ ਥਾਂ ਠੀਕ ਹਨ ਅਤੇ ਚੌਦਾਂ ਭਵਨ ਆਪਣੇ ਥਾਂ ਠੀਕ ਨੇ। ਤੇ ਕੋਟ ਬ੍ਰਹਿਮੰਡ ਦੀ ਦ੍ਰਿਸ਼ਟੀ ਨਾਲ ਭਵਨ ਵੀ ਕ੍ਰੋੜਾਂ ਹੀ ਮੰਨੇ ਜਾਣਗੇ।

ਨਰਕਾਂ ਸੁਰਗਾਂ ਦੀ ਹੋਂਦ ਨੂੰ ਵੀ ਗੁਰਬਾਣੀ ਵਿੱਚ ਸਵੀਕਾਰਿਆ ਗਿਆ ਹੈ :–

ਕਈ ਕੋਟਿ ਨਰਕ ਸੁਰਗ ਨਿਵਾਸੀ ॥੫॥੧੦॥ ਸੁਖਮਨੀ (੨੭੬)

ਚੌਰਾਸੀ ਲੱਖ ਜੂਨਾਂ ਨੂੰ ਵੀ ਮੰਨਿਆ ਗਿਆ ਹੈ :–



www.AKJ.Org

# ਭਾਈ ਸਾਹਿਬ ਜਰਨੈਲ ਸਿੰਘ ਜੀ ਅਤੇ ਸਰਕਾਰ

ਅਖੰਡ ਕੀਰਤਨੀ ਜਥੇ ਵਲੋਂ ਹੇਠ ਲਿਖਿਆ ਬਿਆਨ ਮਿਤੀ ੨੨-੯-੮੧ ਨੂੰ ਅਕਾਲੀ ਪਤ੍ਰਕਾ ਅਤੇ ਅਜੀਤ ਨੂੰ ਛਾਪਣ ਲਈ ਭੇਜਿਆ ਗਿਆ ਸੀ। ਪਤਾ ਨਹੀਂ ਕਿਉਂ, ਇਨ੍ਹਾਂ ਦੋਹਾਂ ਅਖ਼ਬਾਰਾਂ ਨੇ ਇਸ ਬਿਆਨ ਨੂੰ ਛਾਪਣਾ ਜ਼ਰੂਰੀ ਨਹੀਂ ਸਮਝਿਆ—

"ਭਾਈ ਸਾਹਿਬ ਜਰਨੈਲ ਸਿੰਘ ਜੀ ਮਹਿਤੇ ਵਾਲੇ ਸਮੂਹ ਸੰਗਤਾਂ ਵਿਚ ਸਿਖੀ ਦਾ ਪ੍ਰਚਾਰ ਕਰਦੇ ਹਨ। ਭੁਲੇ ਭਟਕੇ ਲੋਕਾਂ ਨੂੰ ਰੱਬੀ ਮਾਰਗ ਵਲ ਪ੍ਰੇਰਦੇ ਹਨ। ਲੋਕਾਂ ਨੂੰ ਮਾਸ, ਸ਼ਰਾਬ, ਨਸ਼ੇ, ਚੋਰੀ ਚਕਾਰੀ ਅਤੇ ਵੱਢੀ ਦੇ ਰਸਤੇ ਤੋਂ ਹਟਾ ਕੇ ਧਰਮੀ ਜੀਵਨ ਵਲ ਪ੍ਰੇਰਦੇ ਹਨ। ਜਗ੍ਹਾ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਾ ਦੇਂਦੇ ਹਨ। ਇਸ ਉਤਮ ਸੇਵਾ ਦੇ ਕਾਰਨ ਸਿਖ ਜਗਤ ਵਿਚ ਉਨ੍ਹਾਂ ਦਾ ਵਡਾ ਸਤਿਕਾਰ ਹੈ। ਅਜਿਹੀ ਧਾਰਮਕ ਵਿਅਕਤੀ ਨੂੰ ਕਿਸੇ ਦੇ ਕਤਲ ਦੇ ਨਾਲ ਸੰਬੰਧਤ ਕਰਨਾ ਚੰਗੀ ਸੋਚ ਦੀ ਸੂਚਕ ਨਹੀਂ ਹੈ। ਅਜਿਹਾ ਕਰਨ ਨਾਲ ਦੇਸ ਦਾ ਵਾਤਾਵਰਨ ਵਿਗੜ ਜਾਣ ਦੀ ਕਾਫ਼ੀ ਸੰਭਾਵਨਾ ਬਣ ਆਉਂਦੀ ਹੈ। ਸਰਕਾਰ ਨੂੰ ਅਜਿਹੇ ਮਸਲੇ ਤੇ ਹੋਰ ਦੀਰਘ ਵਿਚਾਰ ਕਰਨੀ ਬਣਦੀ ਹੈ।"

ਪਿੰਡ ਚੰਦੋ ਕਲਾਂ ਵਿਚ ਗੁਰਮਤਿ ਲਿਟਰੇਚਰ ਵਾਲੀਆਂ ਬਸਾਂ ਸਾੜੇ ਜਾਣਾ ਸਮੁਚੇ ਦੇਸ ਲਈ ਬਦਕਿਸਮਤੀ ਦੀ ਗੱਲ ਹੈ। ਇਸ ਦੀ ਹਰ ਸਾਊ ਪੁਰਸ਼ ਨਿਖੇਧੀ ਕਰਦਾ ਹੈ।

ਭਾਈ ਸਾਹਿਬ ਜਰਨੈਲ ਸਿੰਘ ਜੀ ਨੇ ਪੰਥਕ ਮੁਖੀਆਂ ਦੀ ਸਲਾਹ ਅਨੁਸਾਰ ੨੦-੯-੮੧ ਨੂੰ ਸ਼ਾਂਤਮਈ ਢੰਗ ਨਾਲ ਗ੍ਰਿਫ਼ਤਾਰੀ ਦਿਤੀ। ਉਸ ਤੋਂ ਮਗਰੋਂ ਅੰਨ੍ਹੇਵਾਹ ਗੋਲੀ ਚਲਾਏ ਜਾਣ ਨਾਲ ਜੋ ਨੁਕਸਾਨ ਹੋਇਆ, ਸਰਕਾਰ ਦੇ ਮੂੰਹ ਉਤੇ ਇਹ ਇਕ ਕਾਲਾ ਦਾਗ ਪੈ ਗਿਆ ਹੈ। ਕੁਲ ਕਿੰਨਾ ਨੁਕਸਾਨ ਹੋਇਆ, ਇਸ ਦਾ ਅਜੇ ਤਕ ਕਿਸੇ ਨੇ ਪੂਰਾ ਜਾਇਜ਼ਾ ਲੈਣ ਦਾ ਯਤਨ ਤਕ ਨਹੀਂ ਕੀਤਾ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ,
ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

---

[ਸਫ਼ਾ ੩੫ ਦੀ ਬਾਕੀ]

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੯੨॥
ਸਿਰੀਰਾਗੁ ਮ: ੫ (੫੦)

ਜਮਾਂ ਅਤੇ ਜਮ-ਦੂਤਾਂ ਬਾਰੇ ਪਰਮਾਣ :—

ਸਾਕਤ ਜਮ ਕੀ ਕਾਣਿ ਨ ਚੂਕੈ ॥
ਜਮ ਕਾ ਡੰਡੁ ਨ ਕਬਹੂ ਮੂਕੈ ॥੧੦॥ ਮਾਰੂ ਮ: ੧ (੧੦੩੦)
ਜਮ ਦੂਤੁ ਤਿਸੁ ਨਿਕਟਿ ਨ ਆਵੈ ॥
ਸਾਧ ਸੰਗਿ ਹਰਿ ਕੀਰਤਨੁ ਗਾਵੈ ॥੧੫॥ ਮਾਰੂ ਮ: ੧ (੧੦੭੯)

ਬੱਸ, ਇਸ ਲੇਖ ਰਾਹੀਂ ਸੰਖੇਪ ਵਿਚ ਦਸਣ ਦਾ ਨਿਮਾਣਾ ਯਤਨ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸੱਚੀ ਬਾਣੀ ਸਮਝ ਕੇ ਇਸ ਵਿਚ ਦਰਸਾਏ ਹਰੇਕ ਸਿਧਾਂਤ ਅਤੇ ਸੰਕੇਤ ਨੂੰ ਸੱਚੇ ਕਰ ਕੇ ਮੰਨਣਾ ਹੀ ਗੁਰਸਿਖਾਂ ਦਾ ਸੱਚਾ ਕਰਤੱਵ ਹੈ। ਅਤੇ ਇਹੋ ਗੁਰਮਤਿ ਗਿਆਨ ਲਈ ਸਫ਼ਲਤਾ ਦੀ ਕੁੰਜੀ ਹੈ।



www.AKJ.Org

# ਗੁਰਸਿਖ-ਗਾਡੀ ਰਾਹ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਤੇ ਵਾਰਾਂ ਭਾਈ ਗੁਰਦਾਸ ਜੀ ਵਿਚ ਗੁਰੂ ਕੇ ਸਿਖ ਨੂੰ ਇਸ ਪ੍ਰਕਾਰ ਜੀਵਨ-ਸੇਧ ਦਿਤੀ ਗਈ ਹੈ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਾਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

[ਮ: ੪, ਗਉੜੀ ਕੀ ਵਾਰ, ਪੰਨਾ ੩੦੫-੦੬

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੈ ਸਰਿ ਨਾਵੰਦਾ ॥
ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ॥
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ ॥
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ ॥
ਗੁਰਮੁਖਿ ਗਾਡੀ ਰਾਹ ਚਲੰਦਾ ॥੧੧॥ [ਭਾਈ ਗੁਰਦਾਸ ਜੀ, ਵਾਰ ੪੦

ਗੁਰ ਸਿਖੀ ਗੁਰਸਿਖ ਸੁਣਿ, ਅੰਦਰਿ ਸਿਆਣਾ ਬਾਹਰਿ ਭੋਲਾ ॥
ਸਬਦ ਸੁਰਤਿ ਸਾਵਧਾਨ ਹੋਇ, ਵਿਣੁ ਗੁਰ ਸਬਦ ਨ ਸੁਣਈ ਬੋਲਾ ॥
ਸਤਿਗੁਰ ਦਰਸਨ ਦੇਖਣਾ, ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ ॥
ਵਾਹਿਗੁਰੂ ਗੁਰ ਸਬਦੁ ਲੈ, ਪਿਰਮ ਪਿਆਲਾ ਚੁਪਿ ਚਬੋਲਾ ॥
ਪੈਰੀ ਪੈ ਪਾਖਾਕ ਹੋਇ, ਚਰਣ ਧੋਇ ਦਰਣੋਦਕ ਝੋਲਾ ॥
ਚਰਣ ਕਵਲ ਚਿਤੁ ਭਵਰੁ ਕਰਿ, ਭਵਜਲ ਅੰਦਰਿ ਰਹੈ ਨਿਰੋਲਾ ॥
ਜੀਵਣਿ ਮੁਕਤਿ ਸਚਾਵਾ ਚੋਲਾ ॥੧੭॥ [ਭਾਈ ਗੁਰਦਾਸ ਜੀ, ਵਾਰ ੪

ਉਪਰਲੇ ਸ਼ਬਦਾਂ ਵਿਚ ਗੁਰਸਿਖ ਲਈ ਨਿਤ ਦੀ ਕਿਰਿਆ ਦਾ ਜੋ ਗਾਡੀ-ਰਾਹ ਦਸਿਆ ਗਿਆ ਹੈ, ਉਸ ਦਾ ਸਾਰੰਸ਼ ਇਸ ਤਰ੍ਹਾਂ ਹੈ—

(੧) ਗੁਰਸਿਖ ਭਲਕੇ-ਪਰਭਾਤੀ, ਭਾਵ ਅੰਮ੍ਰਿਤ ਵੇਲੇ ਉਠੇ ਤੇ ਇਸ਼ਨਾਨ ਕਰੇ।

(੨) ਅੰਮ੍ਰਿਤ ਦੇ ਸਰੋਵਰ ਸਾਧ ਸੰਗਤ ਵਿਚ ਜੁੜ ਕੇ ਗੁਰ-ਉਪਦੇਸ਼ ਗੁਰ-ਮੰਤਰ ਦਾ ਜਾਪ ਜਪੇ, ਜਿਸ ਨਾਲ ਕਿ ਸਾਰੇ ਪਾਪ ਦੂਰ ਹੋ ਜਾਂਦੇ ਹਨ। ਫਿਰ ਦਿਨ ਚੜ੍ਹੇ ਤਕ ਨਿਤਨੇਮ ਕਰਕੇ ਗੁਰਬਾਣੀ ਦਾ ਕੀਰਤਨ ਗਾਇਨ ਕਰੇ ਅਤੇ ਉਠਦਿਆਂ ਬਹਿੰਦਿਆਂ ਸਾਸ ਗਿਰਾਸ ਹਰਿ-ਨਾਮ ਦਾ ਲਗਾਤਾਰੀ ਸਿਮਰਨ ਜਾਰੀ ਰਹੇ।

(੩) ਗੁਰਸਿਖ ਸ਼ੰਕਿਆਂ ਤੋਂ ਨਵਿਰਤ ਹੋ ਕੇ ਗੁਰਸਿਖਾਂ ਦੀ ਸੇਵਾ ਪ੍ਰੀਤ ਨਾਲ ਕਰੇ।

www.AKJ.Org

(੪) ਧਰਮ ਦੀ ਸੱਚੀ ਸੁੱਚੀ ਨੇਕ ਕਮਾਈ ਕਰੇ।
(੫) ਆਪਣੀ ਨੇਕ ਕਮਾਈ ਵਿਚੋਂ ਗੁਰਸਿਖਾਂ ਨਾਲ ਵੰਡ ਕੇ ਛਕੇ।
(੬) ਗੁਰਸਿਖ ਗੁਰ-ਦੀਖਿਅਤ ਹੋ ਕੇ, ਸਾਰੀ ਸੋਝੀ ਰਖਦਾ ਹੋਇਆ ਵੀ ਦੁਨੀਆ ਵਿਚ ਅੰਞਾਣਾ ਹੋ ਕੇ ਵਿਚਰੇ, ਪਰ ਸ਼ਬਦ-ਸੁਰਤ ਦਾ ਮੇਲ ਬਣਾਈ ਰਖਣ ਲਈ ਸਾਵਧਾਨ ਰਹੇ ਅਤੇ ਗੁਰ-ਸ਼ਬਦ ਸੁਣਨ ਤੋਂ ਬਿਨਾਂ ਹੋਰ ਕਿਸੇ ਬੋਲ ਵਲ ਧਿਆਨ ਦੇਵੇ ਹੀ ਨਾ। ਸਤਿਗੁਰੂ ਦੇ ਦਰਸ਼ਨਾਂ ਤੇ ਸਾਧ ਸੰਗਤ ਤੋਂ ਵਿਛੜਨਾ ਉਸ ਲਈ ਇਉਂ ਹੋਵੇ ਜਿਵੇਂ ਕੋਈ ਅੰਨ੍ਹੇ ਖੂਹ ਵਿਚ ਡਿਗ ਪੈਂਦਾ ਹੈ। ਸਤਿਗੁਰੂ ਤੋਂ 'ਵਾਹਿਗੁਰੂ' ਗੁਰ-ਸ਼ਬਦ ਦੀ ਪ੍ਰਾਪਤੀ ਕਰ ਕੇ, ਪ੍ਰੇਮ-ਰਸ ਵਿਚ ਅੰਦਰੇ ਅੰਦਰ ਭੁੰਚਦਾ ਰਹੇ।
(੭) ਗੁਰਸਿਖ ਸਭ ਦੇ ਚਰਨਾਂ ਦੀ ਧੂੜ ਬਣਕੇ ਵਿਚਰੇ ਅਤੇ ਗੁਰਸਿਖ-ਸਾਧ ਸੰਗਤ ਦੇ ਚਰਨ ਧੋਇਧੋਇ ਪੀਵੇ।
(੮) ਗੁਰਸਿਖ ਸੰਸਾਰ ਦੇ ਧੰਧਿਆਂ ਵਿਚ ਵਿਚਰਦਾ ਹੋਇਆ, ਆਪਣੀ ਸੁਰਤੀ ਚਰਨ-ਕੰਵਲਾਂ ਵਿਚ, ਗੁਰ-ਸ਼ਬਦ ਵਿਚ ਜੋੜੀ ਰਖੇ ਅਤੇ ਧੰਧਿਆਂ ਦੇ ਮੋਹ ਵਿਚ ਫਸਣ ਦੀ ਥਾਂ ਨਿਰਲੇਪ ਰਹੇ।
(੯) ਗੁਰਸਿਖ ਨਾਮ ਜਪਦਾ ਜਪਦਾ, ਨਾਮ ਨੂੰ ਪਰਜਵਲਤ ਕਰ ਕੇ, ਸਤਿਗੁਰੂ ਦੀ ਜੋਤਿ ਵਿਚ ਆਪਣੀ ਜੋਤਿ ਲੀਨ ਕਰ ਕੇ, ਗੁਰੂ ਨਾਲ ਇਕ-ਮਿਕ ਹੋ ਜਾਏ।
(੧੦) ਇਸ ਜੁਗਤ ਨਾਲ ਗੁਰਸਿਖ ਇਸ ਮਨੁਖਾ ਜਾਮੇ ਨੂੰ ਪਵਿਤਰ ਕਰ ਕੇ ਜੀਵਨ-ਮੁਕਤ ਹੋ ਨਿਬੜਦਾ ਹੈ।

## ਪਰਚੇ ਗੁੰਮ ਹਨ ਜਾਂ ਇਤਨੇ ਲੇਟ ?

ਸਭ ਗਾਹਕਾਂ ਨੂੰ ਸਤੰਬਰ ਦਾ ਪਰਚਾ ਨੀਯਤ ਤਰੀਕ ਪਹਿਲੀ ਸਤੰਬਰ ਨੂੰ ਡਾਕੇ ਪਾਇਆ ਗਿਆ ਸੀ। ਹੈਰਾਨੀ ਹੈ ਕਿ ਲੁਧਿਆਨਾ ਡਵੀਜ਼ਨ ਫ਼ੀਰੋਜ਼ਪੁਰ ਫ਼ਰੀਦਕੋਟ ਆਦਿ ਅਤੇ ਸਹਾਰਨਪੁਰ ਤੋਂ ਬਰੇਲੀ, ਕਾਨਪੁਰ, ਲਖਨਊ, ਧਨਬਾਦ; ਜੈਪੁਰ ਆਦਿ ਦੇ ਪਰਚੇ ਅਧ ਮਹੀਨੇ ਤਕ ਵੀ ਨਹੀਂ ਪੁਜੇ। ਸਗੋਂ ਸਤੰਬਰ ਖ਼ਤਮ ਹੁੰਦਾ ਜਾਂਦਾ ਹੈ ਤੇ ਅਜੇ ਵੀ ਦਬਾ-ਸਟ ਪਰਚਾ ਨਾ ਪੁਜਣ ਦੀਆਂ ਚਿਠੀਆਂ ਪੁਜੀ ਜਾ ਰਹੀਆਂ ਹਨ। ਪਤਾ ਲਗਾ ਹੈ ਕਿ ਲੁਧਿਆਣਾ ਸਟੇਸ਼ਨ ਆਰ. ਐਮ. ਐਸ. ਵਿਚ ਪੂਰੀ ਬਿਜਲੀ ਨਾ ਮਿਲਣ ਕਰਕੇ ਤਿੰਨ ਸੌ ਦੇ ਕਰੀਬ ਬੈਗ ਬੰਦ ਪਿਆ ਹੈ। ਉਹ ਬੈਗ ਸਾਰਟ ਨਹੀਂ ਹੋ ਸਕੇ। ਜੇ ਪੋਸਟ ਆਫ਼ਸ ਡੀਪਾਰਟਮੈਂਟ ਆਪਣੇ ਦੇਸ ਵਿਚ ਹੀ ਮਹੀਨਾ ਮਹੀਨਾ ਪਰਚੇ ਨਾ ਪਹੁੰਚਾਵੇ ਤਾਂ ਕਿੰਨੀ ਹੈਰਾਨੀ ਦੀ ਗੱਲ ਹੈ? ਅਸੀਂ ਸੰਬੰਧਤ ਅਧਿਕਾਰੀਆਂ ਨੂੰ ਬੇਨਤੀ ਕਰਾਂਗੇ ਕਿ ਡਾਕ ਦੇ ਪਰਚੇ ਵਕਤ ਸਿਰ ਪਹੁੰਚਾਉਣ ਦਾ ਫ਼ੌਰੀ ਪਰਬੰਧ ਕੀਤਾ ਜਾਵੇ, ਤਾਕਿ ਪਬਲਿਕ ਨੂੰ ਇੰਨੀ ਪ੍ਰੇਸ਼ਾਨੀ ਨਾ ਹੋਵੇ। ਪਾਠਕ ਸਤੰਬਰ ਪਰਚੇ ਦੀ ਉਡੀਕ ਕਰਨ, ਪਰਚੇ ਪੁਜ ਜਾਣਗੇ।

## 'ਸੂਰਾ' ਦੇ ਸਪੈਸ਼ਲ ਅੰਕ

**ਭਾ: ਸਾ: ਭਾਈ ਰਣਧੀਰ ਸਿੰਘ ਜੀ ਸ਼ਤਾਬਦੀ ਅੰਕ**–ਇਹ ਅੰਕ ਭਾਈ ਸਾਹਿਬ ਜੀ ਦੀ ਸੌ-ਸਾਲਾ ਜਨਮ-ਸ਼ਤਾਬਦੀ ਦੇ ਸਮੇਂ ਛਾਪਿਆ ਗਿਆ ਸੀ। ਇਸ ਅੰਕ ਵਿਚ ਭਾਈ ਸਾਹਿਬ ਜੀ ਦੇ ਨਿਕਟਵਰਤੀ ਸਜਣਾਂ ਵਲੋਂ ਅੱਖੀਂ ਡਿਠੇ ਸਮਾਚਾਰ ਹਨ। ਪੰਥ ਦੇ ਉਘੇ ਵਿਦਵਾਨਾਂ ਵਿਚਾਰਵਾਨਾਂ ਵਲੋਂ ਭਾਈ ਸਾਹਿਬ ਜੀ ਦੀ ਜੀਵਨੀ, ਸ਼ਖਸੀਅਤ, ਉਨ੍ਹਾਂ ਦੀਆਂ ਮਹਾਨ ਲਿਖਤਾਂ ਆਦਿ ਬਾਰੇ ਵਖ ਵਖ ਪਹਿਲੂਆਂ ਤੇ ਖੋਜ ਭਰੇ ਲੇਖ ਹਨ। ਭਾਈ ਸਾਹਿਬ ਜੀ ਦੀ ਹੱਥ-ਲਿਖਤ ਚਿਠੀਆਂ ਦੇ ਨਮੂਨੇ ਅਤੇ ਵਖ ਵਖ ਸਮਿਆਂ ਦੇ ੧੫ ਚਿਤਰ ਬਹੁਤ ਵਧੀਆ ਕਾਗਜ ਦਿਤੇ ਹੋਏ ਹਨ। ਪੰਨੇ ੧੨੪, ਭੇਟਾ ਢਾਈ ਰੁਪਏ

**ਰਹਿਤ ਮਰਯਾਦਾ ਅੰਕ**–ਇਹ ਅੰਕ ਸਿਖ ਰਹਿਤ ਮਰਯਾਦਾ ਬਾਰੇ ਹੈ। "ਗੁਰਸਿਖੀ ਗੁਰੁ ਸਿਖ ਕਮਾਵੈ" ਅਤੇ "ਗੁਰਸਿਖ ਮੀਤ ਚਲਹੁ ਗੁਰ ਚਾਲੀ" ਦੀ ਸੇਧ ਵਿਚ ਰਹਿਤ ਮਰਯਾਦਾ ਨੂੰ ਨਿਖਾਰਿਆ ਗਿਆ ਹੈ। ਰਹਿਤਾਂ, ਕੁਰਤਿਤਾਂ, ਕਕਾਰਾਂ ਸੰਬੰਧੀ ਰਹਿਤਨਾਮਿਆਂ, ਇਤਿਹਾਸ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਭਰਪੂਰ ਜਾਣਕਾਰੀ ਦਿਤੀ ਹੋਈ ਹੈ। ਭੇਟਾ ਦੋ ਰੁਪਏ

www.AKJ.Org

# ਚਾਲੀ ਮੁਕਤੇ

[ਵਲੋਂ–ਮਾਸਟਰ ਮਾਘ ਸਿੰਘ ਜੀ 'ਪਿਆਰ', ਬੈਂਕੋਕ ਵਾਲੇ]

ਮੋਤੀ ਹਾਰ ਦੇ ਲੜੀ ਚੋਂ ਅਡ ਹੋ ਕੇ, ਪਰਖੋਂ ਬਾਝ ਬੇ-ਕਦਰੇ ਜਾਣ ਲਗੇ।
ਹੰਸ ਛਡ ਕੇ ਮਾਨ-ਸਰੋਵਰਾਂ ਨੂੰ, ਕਾਂਗਾਂ ਸੰਗ ਓਹ ਕਾਗ ਸਦਾਣ ਲਗੇ।
ਭਾਗੋ ਮਾਤ ਨੇ ਜਾਂ ਸੁਝਾਈ ਸੁਹਣੀ, ਤੁਸੀਂ ਘਰ ਤੇ ਘਾਟ ਗੁਆਣ ਲਗੇ।
ਇਕ ਆਪਣੀ ਜਿੰਦ ਬਚਾਣ ਖ਼ਾਤਰ, ਸਾਰੇ ਦੇਸ ਨੂੰ ਦਾਗ ਲਗਾਣ ਲਗੇ।
ਓਦੋਂ ਆਪਣਾ ਮੂਲ ਪਛਾਣ ਲੀਤਾ, ਤਾਹਨੇ ਲੋਕਾਂ ਦੇ ਕਾਲਜੇ ਬਾਣ ਲਗੇ।
ਬਿਨਾ ਪਾਣੀਓਂ ਮੱਛੀ ਦੀ ਜ਼ਿੰਦਗੀ ਨਾ, ਮੁੜ ਕੇ ਓਸੇ ਹੀ ਆਬ ਨੂੰ ਜਾਣ ਲਗੇ।

ਆਖ਼ਰ ਆਪਣੇ ਮਾਹੀ ਦੀ ਢੂੰਡ ਅੰਦਰ, ਪਿਆਰੀ ਜਾਨ ਨੂੰ ਦਾਅ ਤੇ ਲਾ ਦਿੱਤਾ।
ਸਦਕੇ ਹੋਏ ਪਤੰਗੇ ਮਹਿਬੂਬ ਖ਼ਾਤਰ, ਓਨ੍ਹਾਂ ਆਪਣਾ ਆਪ ਘੁਮਾ ਦਿੱਤਾ।
ਧਰ ਕੇ ਤਲੀ ਤੇ ਸਾਰਿਆਂ ਸੀਸ ਵੇਖੋ, ਗਲੀ ਪ੍ਰੇਮ ਦਾ ਖੇਲ ਵਿਖਾ ਦਿੱਤਾ।
ਮਿਲ ਗਏ ਮਰਜੀਵੜੇ ਸ਼ਹੁ ਪਿਆਰੇ, ਆਸਣ ਸਿਰਾਂ ਦਾ ਹੇਠ ਵਿਛਾ ਦਿੱਤਾ।
ਸ਼ਕਤੀ ਅੰਮ੍ਰਿਤ ਦੀ ਹੋਈ ਪਰਤੱਖ ਓਥੇ, ਕੁੰਡਾ ਮੁਕਤ ਦੁਆਰ ਖੁਲ੍ਹਾ ਦਿਤਾ।
ਪੁਰਜ਼ੇ ਹੋਏ ਪਰ ਖੇਤ ਨ ਛਡਿਆ ਏ, ਮਹਿੰਗਾ ਮੁਲ ਪਿਆਰ ਦਾ ਪਾ ਦਿੱਤਾ।

ਮੋਤੀ ਹਾਰ ਦੇ ਖ਼ਾਕ ਦੇ ਵਿਚ ਰੁਲਦੇ, ਵੇਖ ਭੁਲਿਆ ਅਪਣਾ ਹਾਲ ਜੌਹਰੀ।
ਵਾਹੋ ਦਾਹ ਆ ਚੁਕ ਕੇ ਲਾਉਣ ਲੱਗਾ, ਇਕ ਇਕ ਨੂੰ ਸੀਨੇ ਦੇ ਨਾਲ ਜੌਹਰੀ।
ਲੱਥ ਪੱਥ ਹੋਏ ਚਿਹਰੇ ਝਾੜ ਕੇ ਤੇ; ਪਰਖੇ ਪਿਆਰ ਸੇਤੀ ਹੋਇ ਬੇਹਾਲ ਜੌਹਰੀ।
ਕਿਸੇ ਪੰਜ ਤੇ ਸਤ ਕਹਿ ਮੁਲ ਪਾਵੇ, ਕਿਸੇ ਦਹਿ ਹਜ਼ਾਰੀ ਆਖੇ ਮਾਲ ਜੌਹਰੀ।
ਬਸਤਰ ਉਜਲੇ ਆਪ ਦੇ ਭਰੇ ਸਾਰੇ, ਸ਼ਹੀਦਾਂ ਸੰਗ ਹੋਇਆ ਲਾਲੋ ਲਾਲ ਜੌਹਰੀ।
ਧੰਨ ਤੂੰ ਤੇ ਧੰਨ ਸ਼ਹੀਦ ਤੇਰੇ, ਕਲਗੀ ਵਾਲਿਆ ਬੇ-ਮਿਸਾਲ ਜੌਹਰੀ।

ਗੋਦੀ ਵਿਚ ਮਹਾਂ ਸਿੰਘ ਨੇ ਅੱਖ ਪੁਟੀ, ਤੁਠ ਆਖਿਆ ਗੁਰੂ ਬਲਿਹਾਰ ਸਿਖਾ!
ਰਾਜ ਭਾਗ ਤੇ ਜ਼ਿੰਦਗੀ ਲੋੜ ਹੋਵੇ, ਤੇਰੇ ਉਪਰੋਂ ਸਭ ਨਿਸਾਰ ਸਿਖਾ!
ਧਰਮ ਕਰਮ ਦੀ ਉਚ ਮਿਸਾਲ ਤੇਰੀ, ਸਦਾ ਰਹੇਗੀ ਵਿਚ ਸੰਸਾਰ ਸਿਖਾ!
ਤੇਰੇ ਪੂਰਨੇ ਪੰਥ ਅਗਵਾਈ ਖ਼ਾਤਰ, ਸਦਾ ਹੋਣਗੇ ਚੰਨ-ਮੁਨਾਰ ਸਿਖਾ!
ਮੰਗੀ ਮੂੰਹ ਮੁਰਾਦ ਅਜ ਮਿਲੇ ਤੈਨੂੰ, ਰਿਧ ਸਿਧ ਮਾਇਆ ਭੋਗਣਹਾਰ ਸਿਖਾ!
'ਮੰਗ' ਮੰਗ ਲੈ ਗੁਰੂ ਬਲਿਹਾਰ ਤੈਥੋਂ, ਮੁਕਤ ਭੁਗਤ ਤੇਰੀ ਪਾਣੀ-ਹਾਰ ਸਿਖਾ!

ਮਹਾਂ ਸਿੰਘ ਹੱਥ ਜੋੜ ਕੇ ਬਿਨੇ ਕੀਤੀ, ਇਛਾ ਪੂਰੀਆਂ ਆਪ ਸਾਕਾਰ ਦਾਤਾ!
ਤੇਰੇ ਚਰਨਾਂ ਦੀ ਇਕ ਪ੍ਰੀਤ ਅੰਦਰ, ਰਿੱਧੀ ਸਿੱਧੀਆਂ ਮਾਇਆ ਸੰਸਾਰ ਦਾਤਾ!
ਮੈਨੂੰ ਰਾਜ ਤੇ ਭਾਗ ਦੀ ਲੋੜ ਕੋਈ ਨਾ, ਕੇਵਲ ਸਿੱਕ ਸੀ ਦਰਸ-ਪਿਆਰ ਦਾਤਾ!
ਐਪਰ ਮੰਗ ਇਕੋ ਜੇਕਰ ਤੁਠ ਦੇਵੇਂ, ਮੇਰੇ ਪੀੜ ਓਹਦੀ ਸੀਨੇ ਖਾਰ ਦਾਤਾ!
ਕਾਗਜ਼ ਪਾੜ ਦੇਵੀਂ ਸਾਡੇ ਔਗੁਣਾਂ ਦਾ, ਤੇਰੇ ਜਿਹਾ ਨਾ ਬਖਸ਼ਣਹਾਰ ਦਾਤਾ!
ਟੁੱਟੀ ਗੰਢ ਲਈਂ ਸ਼ਾਹਾਂ ਦੇ ਸ਼ਾਹ ਸਤਿਗੁਰ, ਮਾਝੇ ਸਿਖੀ ਦਾ ਭਰੀਂ ਭੰਡਾਰ ਦਾਤਾ!



www.AKJ.Org

ਆ ਗਈ ਝਲਕ ਫੇਰ ਚਿਹਰੇ ਗੰਭੀਰ ਉਤੇ, ਹਸ ਗੁਰਾਂ ਨੇ ਇੰਜ ਫੁਰਮਾ ਦਿੱਤਾ :
ਜਿਨ੍ਹਾਂ ਲਈ ਮੈਂ ਵਾਰ ਪਰਵਾਰ ਆਇਆ, ਅਜ ਮੂਲ ਸੋਹਣਾ ਓਹਨਾਂ ਪਾ ਦਿੱਤਾ।
ਓਹਨਾਂ ਲਈ ਬੇਦਾਵਾ ਨਾ ਕੋਈ ਏਥੇ, ਕਾਗਜ਼ ਪਾੜ ਕੇ ਹਵਾ ਉਡਾ ਦਿੱਤਾ।
ਚਾਲੀ ਮੁਕਤਿਆਂ ਪਦਵੀ ਉਚ ਦੇ ਕੇ, ਮੁਕਤ-ਸਰ ਨਿਸ਼ਾਨ ਝੁਲਾ ਦਿੱਤਾ।
ਸਿਖੋ ! ਜਨਮ ਵਿਅਰਥ ਬੇਮੁਖਤਾ ਦਾ, ਗੁਰਾਂ ਸਭ ਨੂੰ ਠੀਕ ਸਮਝਾ ਦਿੱਤਾ।
ਚਾਲੀ ਮੁਕਤਿਆਂ ਆਪਣਾ ਖੂਨ ਦੇ ਕੇ, ਦਾਗ ਲਗਿਆ 'ਪਿਆਰ' ਮਿਟਾ ਦਿੱਤਾ।

---

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰ: ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿਠੀ ਪਤਰ ਕਰੋ।

**ਫ਼ਾਰਮ ਨੰ**: 127 **ਦੁਬਾਰਾ**—ਇਕ 25 ਸਾਲਾ ਪੰਜ ਬਾਣੀ ਨਿਤਨੇਮੀ ਬੀਬੀ, ਕਦ 5 ਫੁਟ, ਬੀ. ਏ. ਜੇ. ਬੀ. ਟੀ. ਗਿਆਨੀ, ਐਮ. ਏ ਕਰ ਰਹੀ, ਸਰਕਾਰੀ ਨੌਕਰੀ ਮਾਸਕ 700 ਰੁਪਏ ਲਈ ਪੜ੍ਹੇ ਲਿਖੇ ਗੁਰਸਿਖ ਬਾ-ਰੁਜ਼ਗਾਰ ਵਰ ਦੀ ਲੋੜ ਹੈ।

**ਫ਼ਾਰਮ ਨੰ**: 140—ਇਕ 35 ਸਾਲਾ ਬੀਬੀ, ਕ਼ਦ 5 ਫੁਟ 3 ਇੰਚ, ਬੀ.ਏ.ਬੀ.ਐਡ. ਟੀਚਰ, ਸਰਕਾਰੀ ਨੌਕਰੀ ਤਨਖਾਹ 900 ਰੁਪਏ ਲਈ ਜ਼ਿਮੀਦਾਰ ਪ੍ਰਵਾਰ ਦੇ ਯੋਗ ਵਰ ਦੀ ਲੋੜ ਹੈ। ਚੰਗੀ ਪੋਸਟ ਜਾਂ ਚੰਗੇ ਕਾਰੋਬਾਰੀ 40 ਸਾਲ ਦੀ ਉਮਰ ਤੋਂ ਘਟ ਦੁਹਾਜੂ ਬਾਰੇ ਭੀ ਵਿਚਾਰ ਹੋ ਸਕਦੀ ਹੈ।

**ਫ਼ਾਰਮ ਨੰ**: 141—ਇਕ 23 ਸਾਲਾ ਦਸਵੀਂ ਪਾਸ ਸਿੰਘ, ਕੱਦ 5 ਫੁਟ 6 ਇੰਚ ਲਈ ਯੋਗ ਰਿਸ਼ਤੇ ਦੀ ਲੋੜ ਹੈ।

**ਫ਼ਾਰਮ ਨੰ**: 142—ਇਕ 23 ਸਾਲਾ ਸਿੰਘ 5 ਫੁਟ ਸਾਢੇ 8 ਇੰਚ, ਮੈਟਰਿਕ, ਡ੍ਰਾਫਟਸ ਮੈਨ, ਤਨਖਾਹ 820 ਰੁਪਏ ਲਈ ਨੌਕਰੀ ਲੱਗੀ ਗੁਰਮੁਖ ਤੇ ਨੇਕ ਸੁਭਾ ਨਾਤੇ ਦੀ ਲੋੜ ਹੈ।

**ਫ਼ਾਰਮ ਨੰ**: 143—ਇਕ 27 ਸਾਲਾ ਬੀਬੀ, ਕਦ 5 ਫੁਟ, ਐਮ.ਏ.,ਬੀ.ਐਡ. ਤੇ ਮਿਊਜ਼ਿਕ, ਲੈਕਚਰਾਰ, ਤਨਖਾਹ 1200 ਰੁਪਏ ਮਾਸਕ ਲਈ ਅਫਸਰ ਜਾਂ ਚੰਗੇ ਕਾਰੋਬਾਰੀ ਪੜ੍ਹੇ ਲਿਖੇ ਗੁਰਸਿਖ ਵਰ ਦੀ ਲੋੜ ਹੈ।

**ਫ਼ਾਰਮ ਨੰ**: 144—ਇਕ 24 ਸਾਲਾ ਗੁਰਮੁਖ ਬੀਬੀ, ਕੇਸਕੀ ਰਹਿਤ ਕੱਦ,5 ਫੁਟ 2 ਇੰਚ, ਪ੍ਰੀ ਯੂਨੀਵਰਸਿਟੀ ਤੇ ਗਿਆਨੀ ਪਾਸ ਲਈ ਚੰਗੀ ਸ੍ਰਕਾਰੀ ਨੌਕਰੀ ਤੇ ਲੱਗੇ ਗੁਰਸਿਖ ਵਰ ਦੀ ਲੋੜ ਹੈ।

**ਫ਼ਾਰਮ ਨੰ**: 145—ਇਕ ਅੰਮ੍ਰਿਤਧਾਰੀ ਸਿੰਘ, ਕੱਦ 5 ਫੁਟ 10 ਇੰਚ, ਐਮ. ਏ.,ਯੂ. ਡੀ. ਸੀ. ਬਿਜਲੀ ਬੋਰਡ, 750 ਰੁਪਏ ਮਾਹਵਾਰ ਲਈ ਯੋਗ ਰਿਸ਼ਤੇ ਦੀ ਲੋੜ ਹੈ।

**ਫ਼ਾਰਮ ਨੰ**: 146—ਇਕ 20 ਸਾਲਾ ਬੀਬੀ, ਕਦ ਸਾਢੇ 5 ਫੁਟ, ਐਮ. ਏ, ਜੇ. ਬੀ. ਟੀ, ਬੈਂਕ ਵਿਚ ਨੌਕਰੀ-ਤਨਖਾਹ 800 ਰੁਪਏ ਮਾਸਕ ਲਈ ਜ਼ਿਮੀਦਾਰ ਪ੍ਰਵਾਰ ਦੇ ਯੋਗ ਗੁਰਸਿਖ—ਬੈਂਕ ਵਿਚ ਨੌਕਰ ਵਰ ਦੀ ਲੋੜ ਹੈ।

**ਫ਼ਾਰਮ ਨੰ**: 147—ਇਕ 20 ਸਾਲਾ, ਮੈਟਰਿਕ, ਆਰਟਸ ਕਰਾਫਟਸ ਕੋਰਸ ਪਾਸ ਬੀਬੀ ਲਈ ਅੰਮ੍ਰਿਤਧਾਰੀ, ਮਾਇਆ ਦੇ ਲਾਲਚ ਤੋਂ ਨਿਰਲੇਪ ਵਰ ਦੀ ਲੋੜ ਹੈ।

**ਫ਼ਾਰਮ ਨੰ**: 148—ਇਕ 21 ਸਾਲਾ ਬੀਬੀ, ਕਦ 5 ਫੁਟ 3 ਇੰਚ, ਹਾਇਰ ਸੈਕੰਡਰੀ ਤੇ ਗਿਆਨੀ ਪਾਸ, ਆਈ. ਟੀ. ਆਈ. ਡਿਪਲੋਮਾ ਕਰ ਰਹੀ ਪੰਜ ਬਾਣੀ ਨਿਤਨੇਮੀ ਲਈ ਗੁਰਸਿਖ ਵਰ ਦੀ ਲੋੜ ਹੈ।

**ਫ਼ਾਰਮ ਨੰ**: 149—ਇਕ 20 ਸਾਲਾ ਬੀਬੀ, ਕਦ 5 ਫੁਟ 2 ਇੰਚ,ਮੈਟਰਿਕ ਤੇ ਗਿਆਨੀ,ਕੀਰਤਨੀ,ਨਿਤਨੇਮਣ ਲਈ ਯੋਗ ਨੌਕਰੀ ਕਰਦੇ ਵਰ ਦੀ ਲੋੜ ਹੈ।

www.AKJ.Org

## ਝੂਠੇ ਦੰਭੀ ਗੁਰੂਆਂ ਤੋਂ ਬਚੋ

ਮਾਲਵਾ ਗੁਰਮਤਿ ਗ੍ਰੰਥੀ ਸਭਾ ਗਿਦੜਬਾਹਾ (ਬਠਿੰਡਾ) ਨੇ ਝੂਠੇ ਤੇ ਕੱਚੇ ਪਿੱਲੇ, ਵਿਕਾਰੀ ਤੇ ਫ਼ਰੇਬੀ ਗੁਰੂਆਂ ਦੇ ਪਾਜ ਖੋਲ੍ਹਣ ਦਾ ਉਦਮ ਅਰੰਭਿਆ ਹੈ। ਪਾਤਸ਼ਾਹ ਆਪਣੇ ਬੱਚਿਆਂ ਨੂੰ ਗੁਰਮਤਿ ਦੀ ਸੱਚੀ ਸੋਧ ਦੇ ਕੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ।

---

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵਿਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਹੋ ਰਹੇ ਸਮਾਗਮਾਂ ਦਾ ਵੇਰਵਾ—

੬ ਅਕਤੂਬਰ—ਮਾਣੂਕੇ ਨੇੜੇ ਹਠੂਰ, ੧੩ ਅਕਤੂਬਰ ਜਸਪਾਲ ਬਾਂਗਰ, ੨੦ ਅਕਤੂਬਰ ਕਾਲਸ ਤਸੀਲ ਬਰਨਾਲਾ, ੩ ਨਵੰਬਰ ਬੜੂੰਦੀ, ੧੦ ਨਵੰਬਰ ਗੁਰਪੁਰਬ ਜਲੰਧਰ ਸਮਾਗਮ।

ਦਾਸਰਾ—ਦਰਸ਼ਨ ਸਿੰਘ ਡਾਕਟਰ, ੮-੯ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।

---

## ਜੰਮੂ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### ਵੀਰਵਾਰ ਸਵੇਰੇ 15 ਤੋਂ 18 ਅਕਤੂਬਰ 1981 ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਜੰਮੂ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸਮਾਗਮ ਹੋ ਰਹੇ ਹਨ। ਹਰਿ ਜਸ ਦੇ ਲਾਹੇ ਪ੍ਰਾਪਤ ਕਰਨ ਲਈ ਆਇ ਜੁੜੋ ਜੀ।

| | | | |
|---|---|---|---|
| ੧੫ ਅਕਤੂਬਰ | | ਸਵੇਰੇ | ੪-੩੦ ਤੋਂ ੭ ਤਕ ਕੀਰਤਨ ਆਸਾ ਦੀ ਵਾਰ ਤੇ ਅਰੰਭ ਸ੍ਰੀ ਅਖੰਡਪਾਠ |
| | ,, | ਸ਼ਾਮ | ੭ ਤੋਂ ੯ ਤਕ ਸੋਦਰ ਤੇ ਕੀਰਤਨ |
| ੧੬ | ,, | ਸਵੇਰੇ | ੫ ਤੋਂ ੯ ਤਕ ਕੀਰਤਨ ਆਸਾ ਦੀ ਵਾਰ |
| | ,, | ਸ਼ਾਮ | ੭ ਤੋਂ ੯ ਤਕ ਸੋਦਰ ਤੇ ਕੀਰਤਨ |
| ੧੭ | ,, | ਸਵੇਰੇ | ੫ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਅਖੰਡ ਕੀਰਤਨ ਦੁਪਹਿਰ ਤਕ |
| | | ਸ਼ਾਮ | ੪ ਵਜੇ ਅੰਮ੍ਰਿਤ-ਸਿੰਚਾਰ, ਰਾਤ ੭ ਵਜੇ ਸੋਦਰ ਉਪਰੰਤ ਰੈਣ ਸਵਾਈ ਕੀਰਤਨ, |
| ੧੮ | ,, | ਸਵੇਰੇ | ਸਮਾਪਤੀ। |

ਸਾਰਾ ਪ੍ਰੋਗਰਾਮ ਤੇ ਰਿਹਾਇਸ਼ ਆਦਿ ਸੰਤ ਮੇਲਾ ਸਿੰਘ ਜੀ ਟੈਕਨੀਕਲ ਆਸ਼ਰਮ, ਡਿਗਿਆਨਾ ਵਿਖੇ ਹੋਣਾ ਹੈ। ਆਸ਼ਰਮ ਜੰਮੂ-ਪਠਾਨਕੋਟ ਜੀ.ਟੀ. ਰੋਡ ਤੇ ਹੈ। ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ।

ਪੁੱਛ-ਗਿੱਛ : ਭਾਈ ਰਾਜਿੰਦਰ ਸਿੰਘ,੧/੧੫੮ ਗੁਰੂ ਨਾਨਕ ਨਗਰ,ਜੰਮੂ। ਦਾਸਰੇ :—ਅਖੰਡ ਕੀਰਤਨੀ ਜਥਾ, ਜੰਮੂ।

---

## ਸਰਸਾਵਾ [ਯਮਨਾ ਨਗਰ] ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਮੇਲ ਸਿੰਘ ਜੀ ਸੂਚਤ ਕਰਦੇ ਹਨ ਕਿ ਪਿੰਡ ਸਰਸਾਵਾ ਗੁਰਦੁਆਰਾ ਸਾਹਿਬ ਵਿਖੇ ੧੭ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ। ਇਹ ਪਿੰਡ ਯਮਨਾ ਨਗਰ ਤੋਂ ਸਹਾਰਨਪੁਰ ਵਾਲੀ ਸੜਕ ਤੇ ਹੈ।

---

## ਨੈਨੋਕੋਟ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਜੋਗਿੰਦਰ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਨੈਨੋਕੋਟ ਵਿਖੇ ੧੦ ਅਕਤੂਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ। ਇਹ ਪਿੰਡ ਗੁਰਦਾਸਪੁਰ ਤੋਂ ਸ੍ਰੀ ਹਰਿਗੋਬਿੰਦਪੁਰ ਰੋਡ ਤੇ ਕਾਹਨੂੰਵਾਲ ਦੇ ਲਾਗੇ ਹੈ।

---

## ਪਿੰਡ ਚਾਹਲ (ਟਾਂਡਾ ਉੜਮੁੜ) ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਪ੍ਰਿਥੀਪਾਲ ਸਿੰਘ ਸਟੈਨੋ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ੨੪ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ੮ ਤੋਂ ੧ ਵਜੇ ਤਕ ਅਖੰਡ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ। ਇਹ ਪਿੰਡ ਟਾਂਡਾ ਤੋਂ ਹੁਸ਼ਿਆਰਪੁਰ ਸੜਕ ਤੇ ਤਿੰਨ ਮੀਲ ਹੈ। ਬੱਸ ਅੱਡਾ ਕਲੋਏ ਲਗਦਾ ਹੈ।

www.AKJ.Org

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਕੀਰਤਨ ਪ੍ਰੋਗਰਾਮ

24 ਅਕਤੂਬਰ 81 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰਦੁਆਰਾ ਦਸਮੇਸ਼ ਸਿੱਖ ਟੈਂਪਲ, ਵੀਲਰ ਸਟਰੀਟ, ਔਫ ਲੌਜ਼ਲਜ਼ ਰੋਡ, ਬਰਮਿੰਘਮ–19।

ਪੁਛ ਗਿੱਛ :–ਭਾ: ਮਦਨ ਸਿੰਘ ਤੇ ਬੀਬੀ ਕਿਰਪਾਲ ਕੌਰ, ਫੋਨ 021-356-7070 ਅਤੇ 021-551-7280।

(2) ਸੰਗਤਾਂ ਪਾਸ ਬੇਨਤੀ ਹੈ ਕਿ ਭਾਈ ਸਾਹਿਬ ਜੀਵਨ ਸਿੰਘ ਜੀ ਗੁਰੂ ਘਰ ਦੇ ਨਿਰਮਾਣ ਕੀਰਤਨੀਏ ਕੈਨੇਡਾ ਜਾ ਰਹੇ ਹਨ, ਇਸ ਕਰਕੇ 11-10-81 ਤਕ ਜੋ ਪ੍ਰੋਗਰਾਮ ਨਿਯਤ ਕੀਤੇ ਗਏ ਸਨ, ਉਹ ਨਹੀਂ ਨਿਭਾ ਸਕੇ। ਪਰਬੰਧਕਾਂ, ਸੰਬੰਧਤ ਸੱਜਣਾਂ ਅਤੇ ਸੰਸਥਾਵਾਂ ਪਾਸੋਂ ਖਿਮਾ ਮੰਗਦੇ ਹਾਂ ਅਤੇ ਅਗੋਂ ਵਾਸਤੇ ਸਮੇਂ ਦੀ ਵੰਡ ਦਾ ਖ਼ਾਸ ਖ਼ਿਆਲ ਰਖਿਆ ਜਾਵੇਗਾ। ਦਾਸਰਾ–ਗੁਰਨਾਮ ਸਿੰਘ ਜਨਰਲ ਸਕੱਤਰ, ਅਖੰਡ ਕੀਰਤਨੀ ਜਥਾ ਯੂ.ਕੇ.।

---

## ਤਲਵੰਡੀ ਭਾਈ (ਫ਼ੀਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਦੇਵ ਸਿੰਘ ਜੀ ਟਰੈਕਟਰ ਮਕੈਨਕ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਤਲਵੰਡੀ ਭਾਈ (ਨੇੜੇ ਬਸ ਸਟੈਂਡ) ਵਿਖੇ ੧੭ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ।

---

## ਅਖੰਡ ਕੀਰਤਨ ਸਮਾਗਮ ਅਤੇ ਸ਼ਹੀਦ ਮਨੀ ਸਿੰਘ ਜੀ ਦੀ ਯਾਦ

ਪਿੰਡ ਢੁਡੀਆਂ ਵਾਲਾ ਗੁਰਦਵਾਰਾ ਸਾਹਿਬ ਵਿਖੇ ੧੮ ਅਕਤੂਬਰ ਐਤਵਾਰ ਨੂੰ ਸਵੇਰੇ ੫ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ਇਕ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ੧੭ ਅੰਕਤੂਬਰ ਸ਼ਾਮ ੮ ਤੋਂ ੧੦ ਤਕ ਵੀ ਕੀਰਤਨ ਹੋਣੇ ਹਨ। ਐਤਵਾਰ ਸਵੇਰੇ ੬ ਵਜੇ ਬਸ ਅੱਡਾ ਕਪੂਰਥਲਾ ਤੋਂ ਢੁਡੀਆਂ ਵਾਲਾ ਲਈ ਟਰਾਲੀ ਚਲੇਗੀ।

(੨) ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਢੁਡੀਆਂ ਵਾਲਾ ਵਿਖੇ ਇਕ ਨਵੰਬਰ ਐਤਵਾਰ ਨੂੰ ਸਵੇਰੇ ੫ ਵਜੇ ਤੋਂ ੧ ਵਜੇ ਤਕ ਅਖੰਡ ਕੀਰਤਨ ਹੋਣਗੇ। ਸਮੂਹ ਸੰਗਤਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਢੁਡੀਆਂ ਵਾਲਾ ਕਪੂਰਥਲੇ ਤੋਂ ਸੁਲਤਾਨਪੁਰ ਰੋਡ ਤੇ ੪ ਮੀਲ ਹੈ।

ਪੁਛ ਗਿਛ : ਭਾਈ ਮੰਗਲ ਸਿੰਘ ਜੀ — ਦਾਸਰੇ : ਅਖੰਡ ਕੀਰਤਨੀ ਜਥਾ ਢੁਡੀਆਂ ਵਾਲਾ

---

## ਦੌਲੋਵਾਲ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਹੁਸ਼ਿਆਰਪੁਰ ਤੇ ਫਗਵਾੜਾ ਦੇ ਕੀਰਤਨੀ ਜਥਿਆਂ ਵਲੋਂ ਦੌਲੋਵਾਲ ਵਿਖੇ ਰੈਣ ਸਬਾਈ ਕੀਰਤਨ ੩੧ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਪਿੰਡ ਦੌਲੋਵਾਲ ਹੁਸ਼ਿਆਰਪੁਰ ਦਸੂਹਾ ਰੋਡ ਤੇ ਹੈ। ਭੀਖੋਵਾਲ ਦੇ ਬਸ ਅਡੇ ਤੇ ਉਤਰਨਾ ਹੈ। ਸ਼ਨੀਵਾਰ ਸ਼ਾਮ ੭ ਵਜੇ ਬਸ ਸਟੈਂਡ (ਪਟਰੋਲ ਪੰਪ) ਹੁਸ਼ਿਆਰਪੁਰ ਤੋਂ ਟਰਾਲੀ ਚਲੇਗੀ। ਆਇ ਦੀਦਾਰ ਬਖਸ਼ੋ ਜੀ। ਦਾਸਰਾ–ਅਮਰੀਕ ਸਿੰਘ ਪਿੰਡ ਦੌਲੋਵਾਲ, ਨੇੜੇ ਭੀਖੋਵਾਲ ਜ਼ਿਲਾ ਹੁਸ਼ਿਆਰਪੁਰ

---

## ਮਾਹੌਣ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਜਥੇਦਾਰ ਜਸਵੰਤ ਸਿੰਘ ਜੀ ਦੇ ਗ੍ਰਿਹਿ ਵਿਖੇ ੧੭ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਪਿੰਡ ਮਾਹੌਣ ਖੰਨਾ ਮੰਡੀ ਤੋਂ ਡੇਢ ਮੀਲ ਤੇ ਹੈ। ਰੇਲਵੇ ਸਟੇਸ਼ਨ ਲਾਗਿਓਂ ਲਲੇਹੜੀ ਰੋਡ ਮਾਹੌਣ ਨੂੰ ਜਾਂਦੀ ਹੈ। ਖੰਨਾ ਬੱਸ ਸਟੈਂਡ ਤੋਂ ਸ਼ਾਮ ੭ ਵਜੇ ਟਰਾਲੀ ਚਲੇਗੀ।

ਪੁਛ ਗਿਛ–ਮਾ: ਉਜਾਗਰ ਸਿੰਘ ਖਾਲਸਾ, ਫਰਵਲੀ, ਡਾਕਘਰ ਲੋਹਟਬਦੀ (ਸੰਗਰੂਰ)



www.AKJ.Org

# ਗਰਿੰਡਲੇਜ਼ ਬੈਂਕ ਲਿਮਟਿੱਡ

# ਦੁਨੀਆ ਦੇ ਬੈਂਕਾਂ ਵਿਚ ਇਕ ਵੱਡਾ ਨਾਮ

## ਇਕ ਅੰਤਰ-ਰਾਸ਼ਟਰੀ ਬੈਂਕ

ਜਿਸ ਦੀਆਂ

ਦੁਨੀਆ ਦੇ 40 ਮੁਲਕਾਂ ਵਿਚ 200 ਤੋਂ ਵਧ ਸ਼ਾਖ਼ਾਂ ਹਨ। ਭਾਰਤ ਵਿਚ ਇਹ ਬੈਂਕ ਪਿਛਲੇ 150 ਸਾਲਾਂ ਦੇ ਵਧ ਸਮੇਂ ਤੋਂ ਹੇਠ ਲਿਖੇ ਸ਼ਹਿਰਾਂ ਵਿਚ 55 ਸ਼ਾਖਾਂ ਨਾਲ ਸਥਾਪਤ ਹੈ :–

ਅੰਮ੍ਰਿਤਸਰ, ਬੈਂਗਲੋਰ, ਬੰਬਈ, ਕਲਕੱਤਾ, ਕੋਚੀਨ, ਦਾਰਜੀਲਿੰਗ,
ਗੋਹਾਟੀ, ਹੈਦਰਾਬਾਦ, ਕਾਨਪੁਰ, ਮਦਰਾਸ, ਨਵੀਂ ਦਿਲੀ,
ਸ਼ਿਮਲਾ, ਸ੍ਰੀਨਗਰ ਅਤੇ ਟੂਟੀਕਾਰਨ।

ਬਦੇਸ਼ਾਂ ਵਿਚ ਅਤੇ ਭਾਰਤ ਦੇ ਬਾਕੀ ਬਹੁਤ ਸਾਰੇ ਸ਼ਹਿਰਾਂ ਵਿਚ ਸਾਡੀਆਂ ਏਜੰਸੀਆਂ ਹਨ।

**ਬਾਹਰਲੇ ਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਖਾਤੇ ਖੋਹਲਣ ਲਈ ਅਤੇ ਬਦੇਸ਼ੀ ਵਪਾਰ ਲਈ ਅਸੀਂ ਵਿਸ਼ੇਸ਼ਤਾ ਹਖਦੇ ਹਾਂ। ਇਨ੍ਹਾਂ ਕੰਮਾਂ ਲਈ ਸਾਡੇ ਕੋਲ ਵਿਸ਼ੇਸ਼ ਵਿਭਾਗ ਅਤੇ ਸਪੈਸ਼ਲ ਸਟਾਫ਼ ਹੈ।**

ਸਾਡੇ ਕੋਲ ਤੁਹਾਡੀਆਂ ਬਚਤਾਂ ਜਮ੍ਹਾ ਕਰਨ ਲਈ ਕਈ ਸਕੀਮਾਂ ਹਨ, ਜਿਵੇਂ ਕਿ :–
ਸੇਵਿੰਗ ਖਾਤਾ, ਮਿਆਦੀ ਖਾਤਾ, ਮਾਹਵਾਰੀ ਵਿਆਜ-ਆਮਦਨ ਖਾਤਾ,
ਕੈਸ਼ ਸਰਟੀਫ਼ਿਕੇਟ ਅਤੇ ਮਾਹਵਾਰੀ ਬਚਤ ਖਾਤਾ।

**ਸਾਡੇ ਬੈਂਕ ਵਿਚ ਖਾਤਾ ਖੋਹਲਣ ਲਈ ਜਾਂ ਹੋਰ ਪੁਛ-ਗਿਛ ਲਈ :-**

**ਕਿਰਪਾ ਕਰਕੇ ਸਾਡੀ ਅੰਮ੍ਰਿਤਸਰ (ਪੰਜਾਬ) ਗਾਂਧੀ ਬਜ਼ਾਰ ਬਰਾਂਚ ਦੇ ਮੈਨੇਜਰ ਨੂੰ ਚਿਠੀ ਲਿਖੋ। ਉਹ ਤੁਹਾਡੀ ਸਹਾਇਤਾ ਕਰ ਕੇ ਜ਼ਰੂਰ ਖੁਸ਼ੀ ਪ੍ਰਾਪਤ ਕਰਨਗੇ।**


www.AKJ.Org

## ਪ੍ਰੋਗਰਾਮ ਦਿਲੀ ਸਾਲਾਨਾ ਅਖੰਡ ਕੀਰਤਨ ਸ਼ਮਾਗਮ

| | | | |
|---|---|---|---|
| | | ਕੀਰਤਨ ਅਰੰਭ ਸਵੇਰੇ 5 ਵਜੇ | ਕੀਰਤਨ ਸ਼ਾਮ 7 ਤੋਂ 9 |
| 7 | ਅਕਤੂਬਰ | ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ | ਗੁਰਦਵਾਰਾ ਬੰਗਲਾ ਸਾਹਿਬ |
| 8 | ,, | ਗੁਰਦਵਾਰਾ ਬੰਗਲਾ ਸਾਹਿਬ | ,, ,, ,, |
| 9 | ,, | ਗੁਰਦਵਾਰਾ ਸੀਸ ਗੰਜ ਸਾਹਿਬ | ,, ,, ,, |
| 10 | ,, | ਗੁਰਦਵਾਰਾ ਬੰਗਲਾ ਸਾਹਿਬ | ਰੈਣ ਸਬਾਈ 7 ਵਜੇ ਅਰੰਭ, ਗੁ:ਰਕਾਬਗੰਜ ਸਾਹਿਬ 11 ਅਕਤੂ: ਸਮਾਪਤੀ |

ਅੰਮ੍ਰਿਤ-ਸਿੰਚਾਰ 10 ਅਕਤੂਬਰ ਦੁਪਹਿਰ ਗੁ: ਰਕਾਬ ਗੰਜ ਸਾਹਿਬ ਵਿਖੇ ।

ਨਿਵਾਸ--ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ ।

## ਜਲੰਧਰ ਵਿਖੇ ਸਾਲਾਨਾ ਗੁਰਪੁਰਬ ਅਤੇ ਅਖੰਡ ਕੀਰਤਨ 9 ਤੋਂ 12 ਨਵੰਬਰ

ਰਿਹਾਇਸ਼-ਲਾਇਲਪੁਰ ਖਾ: ਹਾ: ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ । ਪ੍ਰੋਗਰਾਮ ਨਵੰਬਰ 'ਸੂਰਾ'

## ਫ਼ੀਰੋਜ਼ਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਮਾਲਵਾ ਖਾਲਸਾ ਸਕੂਲ ਫੀਰੋਜ਼ਪੁਰ ਸ਼ਹਿਰ ਵਿਖੇ ਹਰ ਸਾਲ ਵਾਂਗ ਸਾਲਾਨਾ ਪ੍ਰੋਗਰਾਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਦੀ ਨਸ਼ੀਨੀ ਪੁਰਬ ਸਮੇਂ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

29 ਅਕਤੂਬਰ ਸਵੇਰੇ 5 ਤੋਂ 8 ਆਸਾ ਦੀ ਵਾਰ ਦੇ ਕੀਰਤਨ, ਉਪਰੰਤ ਅਰੰਭ ਸ੍ਰੀ ਅਖੰਡ ਪਾਠ

30 ,, ਸ਼ਾਮ 7 ਤੋਂ 9 ਚੌਕੀ ਸੋਦਰ ਤੇ ਅਖੰਡ ਕੀਰਤਨ

1 ਨਵੰਬਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ 12 ਵਜੇ ਤਕ ਅਖੰਡ ਕੀਰਤਨ

ਸ਼ਾਮ ਨੂੰ ਅੰਮ੍ਰਿਤ-ਸਿੰਚਾਰ, ਰਾਤ ਨੂੰ ਰੈਣ ਸਬਾਈ, 1 ਨਵੰਬਰ ਐਤਵਾਰ ਸਵੇਰੇ 7 ਵਜੇ ਸਮਾਪਤੀ

ਨੋਟ-ਰਿਹਾਇਸ਼ ਮਾਲਵਾ ਖਾਲਸਾ ਸਕੂਲ (ਨੇੜੇ ਮਾਲਵਾ ਬਸ ਸਟੈਂਡ) ਹੋਵੇਗੀ । ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ ।

ਪੁਛ ਗਿਛ-ਖਾਲਸਾ, ਗਲੀ ਨੰ: ੨, ਕਾਂਸੀ ਨਗਰੀ, ਫੀਰੋਜ਼ਪੁਰ ਸ਼ਹਿਰ — ਦਾਸਰੇ ਅਖੰਡ ਕੀਰਤਨੀ ਜਥਾ, ਫੀਰੋਜ਼ਪੁਰ

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਸਭ ਦੇ ਸੌ ਸੌ ਰੁਪਏ ਪੁਜੇ ਹਨ ਅਤੇ ਬੈਂਕ ਐਫ. ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :-

| | | | | |
|---|---|---|---|---|
| 889. | ਸ: ਜਾਗੀਰ ਸਿੰਘ ਪਟਿਆਲਾ | (ਚਿਟ ਨੰ: 3889) | 215917/921/81 | ਮਿਤੀ 23-9-81 |
| 890. | ਸ: ਬਲਵਿੰਦਰ ਸਿੰਘ ਪਾਰੋਵਾਲ | ( ,, ,, 3890) | 215918/922/81 | ,, |
| 891. | ਗੁਰਦਵਾਰਾ ਸਾਹਿਬ 252 ਸਿਗਨਲ | ( ,, ,, 3891) | 215919/923/81 | ,, |
| 892. | ਸ. ਗੁਰਬਖਸ਼ ਸਿੰਘ ਸਰਕਾਰੀਆ | ( ,, ,, 3892) | 215920/924/81 | ,, |
| 893. | ਸ. ਗੁਰਚਰਨ ਸਿੰਘ S/o ਸ. ਮਖਣ ਸਿੰਘ | ( ,, ,, 3893) | 215921/925/81 | ,, |
| 894. | ਸ. ਨਾਜਰ ਸਿੰਘ ਲੁਧਿਆਣਾ | ( ,, ,, 3894) | 215922/926/81 | ,, |
| 895. | ਸ. ਸੁਰਜੀਤ ਸਿੰਘ ਚੰਡੀਗੜ੍ਹ | ( ,, ,, 3895) | 215923/927/81 | ,, |
| 896. | ਸ. ਸ਼ੰਗਾਰਾ ਸਿੰਘ ਗੋਪਾਲਪੁਰਾ | ( ,, ,, 3896) | 215924/928/81 | ,, |
| 897. | ਸ. ਹਰਜਿੰਦਰ ਸਿੰਘ ਨਥਾਨਾ | ( ,, ,, 3897) | 215925/929/81 | ,, |
| 898. | ਆਨੰਦ ਮੋਟਰਜ਼ ਭਿਲਾਈ | ( ,, ,, 3898) | 215926/930/81 | ,, |
| 899. | ਸੋਢੀ ਜਸਪਾਲ ਸਿੰਘ ਅਜਮੇਰ | ( ,, ,, 3899) | 215927/931/81 | ,, |
| 900. | Hav. ਰੇਸ਼ਮ ਸਿੰਘ | ( ,, ,, 3900) | 215928/932/81 | ,, |



www.AKJ.Org